ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ

HAPPY BASANT PUNCHMI

ਅਕਾਲ ਪੁਰਖ
ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਦੇ ਸ਼ੁਭ ਆਗਮਨ ਦੀ
ਸਭ ਨੂੰ ਵਧਾਈ ਹੋਵੇ

बसंत पंचमी मुबारक

بسنت پنچمی مبارک

สุข สันต วัน ประสูติ พระศาสดา
ศรี สัตย์ คุรุ ราม ซิงห์ มหาราช

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰਮੌਰ ।
ਸ਼ਕਤ ਅਨੰਤੀ ਆਇ ਹੈਂ, ਆਦਿ ਇਹੈ, ਨਹੀ ਔਰ ॥




Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਬਿਗਲ ਵਜਾਇਆ ਆਨ

ਦਸਮ ਗੁਰੂ ਜੀ ਵਾਲੀ ਜੋਤ ਸੀ ਅਲੋਪ ਹੋਈ,
ਪਿਛੋਂ ਸਿੰਘਾਂ ਆਪੋ ਵਿਚ ਫੁਟ ਨੂੰ ਵਧਾਇਆ ਆਨ।
ਇਕ ਦੂਜੇ ਭਾਈ ਦੀ ਉਚਾਈ ਨੂੰ ਨ ਵੇਖ ਸਕਣ,
ਈਰਖਾ ਦਵੈਖ ਭੈੜੀ ਡੇਰਾ ਸੀ ਜਮਾਇਆ ਆਨ।
ਗੁਰਮਤ ਛੋੜ ਦੀਨੀ ਮਨ ਮਤੀ ਹੋਏ ਸਿੰਘ,
ਵਿਭ ਚਾਰ ਮਾਸ ਔ ਸ਼ਰਾਬ ਸੀ ਉੜਾਇਆ ਆਨ।

ਚੋਰੀ ਯਾਰੀ ਠਗੀ ਸੰਦੀ ਵਿਸ਼ਿਆ ਦੀ ਕਾਂਗ ਚਹੜੀ,
ਬੋੜੀ ਮੰਝ ਧਾਰ ਉਤੇ ਕਦਮ ਸੀ ਟਿਕਾਇਆ ਆਨ।
ਐਸੇ ਸਮੇਂ ਦਸਮੇਸ਼ ਫਿਰ ਕੀਤਾ ਪ੍ਰਵੇਸ਼,
ਗੁਰੂ ਰਾਮ ਸਿੰਘ ਨਾਮ ਜਗ ਤੇ ਧਰਾਇਆ ਆਨ।
ਖੂਬ ਕੀਤਾ ਪ੍ਰਚਾਰ ਕਰ ਦਿਤਾ ਖਬਰਦਾਰ,
ਜਪੋ ਨਾਮ ਪੜ੍ਹੋ, ਬਾਣੀ, ਮੁਖ ਤੋਂ ਅਲਾਇਆ ਆਨ।
ਕਢ ਦਿਤੇ ਐਬ ਤੇ ਵਿਕਾਰਾਂ ਤਾਈਂ ਦੂਰ ਕੀਤਾ,
ਫਿਰ ਨਵੇਂ ਸਿਰੇ ਸੰਤ ਖਾਲਸਾ ਸਜਾਇਆ ਆਨ।
ਸਿਧੀ ਦਸਤਾਰ ਸੀਸ ਗਲੇ ਵਿਚ ਸੋਹੇ ਮਾਲਾ,
ਸਤਿਜੁਗੀ ਸਵੈਤ ਬਾਣਾਂ ਕਲੂ ਮਹਿ ਪੈਹਨਾਇਆ ਆਨ।
ਹਜ਼ੂਰ ਨੇ ਫਰਮਾਇਆ ਹਕ ਖਾਣਾਂ ਨ ਪਰਾਇਆ,
ਗਊ ਸੂਰ ਸਮਜਾਨੋ ਇਹ ਪੜ੍ਹਕੇ ਸੁਨਾਇਆ ਆਨ।
ਇਸਤ੍ਰੀ ਜਾਤ ਦੀ ਸਮਾਨਤਾ ਦਾ ਹਕ ਰਖ.
ਰੈਹਤ ਰਖਵਾਈ ਤੇ ਅਮਰਿਤ ਛਕਾਇਆ ਆਨ।
ਚਾਰੇ ਕੂੰਟ ਦੌਰਾ ਕਰ ਸ੍ਰੀ ਗੁਰੂ ਰਾਮ ਹਰ,
ਔਝੜ ਜਾਂਦੇ ਜੀਵਾਂ ਤਾਈ ਸਿਧੇ ਰਾਹ ਪਾਇਆ ਆਨ।
ਸੀ ਸਮਾਂ ਅੰਧ ਘੋਰ, ਪਾਇਆ ਜਾਲਮਾਂ ਨੇ ਜੋਰ,
ਛੁਰੀ ਹੇਠ ਰਖ ਗਊ, ਤੇ ਗਰੀਬਾਂ ਨੂੰ ਦੁਖਾਇਆ ਆਨ।
ਚੀਨੀ ਵਾਲੜੇ ਦੇ ਲਾਲ ਸੋਹਣੇ ਗਜੇ ਆ ਮੈਦਾਨ,
ਅਮਰਿਤਸਰ ਕੋਟਲੇ ਦੇ ਜੁਲਮਨੂੰ ਮਿਟਾਇਆਆਨ।
ਭਾਰਤ ਨਿਮਾਣੀ ਦੁਖੀ ਹੋਏ ਕੁਰਲਾਣੀ,
ਮੇਰੀ ਸੁਣ ਲੋ ਕਹਾਣੀ ਮੈਨੂੰ ਗੋਰਾਂ ਨੇ ਦਬਾਇਆ ਆਨ।
ਸਖਤ ਭੁਲ ਰਹੇ ਸੀ ਆਂਧੀ ਨ ਸੀ ਨੈਹਰੂ ਨ ਸੀ ਗਾਂਧੀ,
ਸੀ ਫਰੰਗੀਆਂ ਦਾ ਰਾਜ ਕਿਸੇ ਕਦਮ ਨ ਵਧਾਇਆ ਆਨ।
ਐਸੇ ਸਮੇ ਕਾਂਗਰਸ ਦਾ ਨਾਮ ਨ ਨਿਸ਼ਾਨ ਹੈਸੀ,
ਸਭਤੋਂ ਪੈਹਲੇ ਚੀਨੀ ਵਾਲੇ ਦੇਸ਼ਨੂੰ ਉਠਾਇਆ ਆਨ।
ਗਾਹੜੀ ਨੀਂਦ ਸੁਤੇ ਪਏ ਭਾਰਤ (ਨੂੰ) ਹਲੂਣਾਂ ਦੇ, -
ਸਤਿਗੁਰੂ ਰਾਮ ਸਿੰਘ ਬਿਗਲ ਵਜਾਇਆ ਆਨ।

( ਸੰਤ ਖਜਾਨ ਸਿੰਘ ਜੀ ਇਨਸਾਫ )

Sri Satguru Jagjit Singh Ji Elibrary NamdhariElibrary@gmail.com

ੴ

NO. 3
DATE

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਵਧਾਈ ਏ। ਵਧਾਈ ਏ।

ਮਾਘ ਸੁਦੀ ਪੰਚਮੀ ਦਾ ਭਾਗਾਂ ਵਾਲਾ ਦਿਨ ਆਇਆ
ਸਾਰੇ ਪਾਸੇ ਰੌਣਕ ਅਜ ਦੇਂਵਦੀ ਦਿਖਾਈ ਏ
ਗੁਰੂ ਰਾਮ ਸਿੰਘ ਹਨ ਧਾਰ ਅਵਤਾਰ ਆਏ
ਬੱਚੇ ਬੁੱਢੇ ਨਰ ਨਾਰੀ ਖੁਸ਼ੀ ਹੈ ਮਨਾਈ ਏ

ਪਿਤਾ ਜੱਸਾ ਸਿੰਘ ਮਾਤਾ ਸਦਾ ਕੌਰ ਜੀ ਦੇ ਘਰ
ਚੌਦਾਂ ਲੋਕਾਂ ਨਾਲੋਂ ਵਧ ਹੋਈ ਰੁਸ਼ਨਾਈ ਏ
ਮਉਲ ਪਈ ਧਰਤੀ ਅਕਾਸ਼ ਸਾਰਾ ਮਉਲਿਆ ਏ
ਮੇਘਾਂ ਨੇ ਵੀ ਫੁਲਾਂ ਦੀ ਆ ਬਾਰਸ਼ ਕਰਾਈ ਏ

ਬਾਗੋ ਬਾਗ ਹੋਏ ਬਿਛ ਬੂਟੇ ਸਭ ਝੂਮ ਉਠੇ
ਭੌਰਿਆਂ ਫੁਲਵਾੜੀਆਂ ’ਚ ਗੂੰਜ ਆ ਗੁੰਜਾਈ ਏ
ਅੰਬਾਂ ਦੀਆਂ ਟਾਹਣੀਆਂ ਤੇ ਕੋਇਲ ਬੈਠ ਗੀਤ ਗਾਵੇ
ਬੁਲਬੁਲਾਂ ਨੇ ਥਾਂ ਥਾਂ ਤੇ ਚਹਿਲ ਪਹਿਲ ਲਾਈ ਏ

ਗਊਆਂ ਅਤੇ ਗਰੀਬਾਂ ਦੀ ਜਿਸ ਆ ਪੁਕਾਰ ਸੁਣੀ
ਰੀਤ ਗੁਰ ਸਿਖੀ ਵਾਲੀ ਮੁੜ ਕੇ ਚਲਾਈ ਏ
ਉਮਡੇ ਪਿਆਰ ਸਤਿਕਾਰ ਵਿਚ "ਭੁਰਜੀ" ਦੀ
ਸਾਰੇ ਸੰਸਾਰ ਨੂੰ ਵਧਾਈ ਏ। ਵਧਾਈ ਏ।

ਬੀਬੀ ਧਨਵਿੰਦ੍ਰ ਕੌਰ ਭੁਰਜੀ

Sri Satguru Jagjit Singh Ji Elibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਪੂਰਨ ਅਵਤਾਰ ਆਏ

ਸਚ ਦੇ ਸਹਾਰੇ ਵਲੋਂ ਜਦੋਂ ਸੰਕੋਚ ਦਿੱਸੀ, ਧਰਤੀ ਦੇ ਮਨ ਵਿਚ ਲੱਖਾਂ ਹੀ ਵੀਚਾਰ ਆਏ
ਤਿਆਗਾਂ ਮੈਂ ਸਰੀਰ ਨੂੰ [illegible] ਫੂਕਦੇਵਾਂ, ਤਿਲ ਤਿਲ ਹੋਵਾਂ ਸੀਨੇ ਵਿਚ ਤਲਵਾਰ ਆਏ
ਗੁਮ ਹੋਵਾਂ ਗੋਤ ਹੋਵਾਂ ਗੁਣਵਾਨ ਦਿੱਸੇ ਨਾਹੀ, ਗੁਣ ਗੁਣਾਹਟ ਸੁਣ, ਕਿਹੜਾ ਸਮਝਦਾਰ ਆਏ
ਰੂਹ ਮੇਰੀ ਭਟਕਦੀ ਏ, ਆਏ ਕੋਈ ਰੂਹਾਨੀ ਰੂਪ, ਰੋਗ ਦੂਰ ਕਰਨ ਲਈ ਤੁਰਤ ਰਫ਼ਤਾਰ ਆਏ

ਰਾਖੇ ਰਾਖਣਹਾਰ ਰਿਹਾਈ ਕਰਾਉਣ ਖਾਤਰ ਅਕਾਲ ਪੁਰਖ ਆਪ ਖੁਦ ਧਾਰ ਅਵਤਾਰ ਆਏ
ਮਾਘ ਸੁਦੀ ਪੰਚਮੀ ਅਠਾਰਾਂ ਸੌ ਬਹੱਤਰੇ 'ਚ ਅਰਸ਼ੋਂ ਆਪ ਚਲਕੇ ਭੈਣੀ ਵਿਚਕਾਰ ਆਏ
ਸਿੰਜ ਦਿੱਤਾ ਧਰਤ ਤਾਈਂ, ਚਰਨ ਛੁਹਾਏ ਕੇ ਤੇ ਸੀਨ ਓਹਦਾ ਸੀਤ ਹੋਵੇ ਜੋ ਭੀ ਨਰ ਨਾਰ ਆਏ
ਘਰ ਘਰ ਵਿਚ ਅਜ ਖੁਸ਼ੀ ਭਰਪੂਰ ਹੋਈ ਘਾਟ ਕੀਤੀ ਪੂਰੀ ਜੱਸਾ ਸਿੰਘ ਦੇ ਦੁਲਾਰ ਆਏ

ਪੂਰਨ ਅਵਤਾਰ ਦੁਨੀਆਂ ਦੇ ਵਾਲੀ ਆਪ ਕੀਤੀ ਤੁਕ ਪੂਰੀ ਸੌ ਸਾਖੀ ਅਨੁਸਾਰ ਆਏ
ਰਾਮ ਸਿੰਘ ਨਾਮ ਆਏ ਭੈਣੀ ਦੇ ਗ੍ਰਾਮ ਵਿਚ ਜਾਮੇ ਦਸਮੇਂ ਦੇ ਵਿਚ ਆਪ ਹੀ ਉਚਾਰ ਆਏ
ਨਕਸ਼ ਨੈਣ ਆਪ ਜੀ ਦੇ ਦਿੱਸਨ ਨਿਆਰੇ ਸਭ, ਜੋੜ ਨਹੀਂ ਸਰੀਰ ਵਿਚ ਨੈਣ ਅਪਾਰ ਆਏ
ਆਜ਼ਾਦੀ ਲਈ ਦੇਸ਼ ਵਿਚ ਜੋਤ ਜਗਾਈ ਆਪ ਕੋਨੇ ਕੋਨੇ ਵਿਚ ਜਿਦੇ ਚਲ ਅੰਗਿਆਰ ਆਏ

ਵਾਰਤਾ ਵਿਸ਼ੇਸ਼ ਹੋਈ ਮਾਨ ਵਾਲੇ ਹੋਲੇ ਵਿਚ ਨਰ ਨਾਰੀ ਕਹਿਣ ਧੰਨ ਧੰਨ ਚਮਤਕਾਰ ਆਏ
ਤਾਬ ਤੇਜ ਵੇਖਕੇ ਤੇ ਸਭ ਤਾਬੇਦਾਰ ਹੋਏ ਮੁਖ ਚੋਂ ਅਲਾਉਣ ਧੰਨ ਧੰਨ ਕਰਤਾਰ ਆਏ
ਰਾਮ ਕਹੇ ਸ਼ਾਮ ਕਹੇ ਕਹੇ ਨਿਰੰਕਾਰ ਕੋਈ ਸਿਖੀ ਵਾਲੇ ਬੇੜੇ ਤਾਈਂ ਕਰਨ ਆਪ ਪਾਰ ਆਏ
ਆਏ ਅਵਤਾਰ "ਪ੍ਰੀਤ" ਦੁਨੀਆਂ ਤੇ ਬਹੁਤ ਭਾਵੇਂ ਸਤਿਗੁਰੂ ਰਾਮ ਸਿੰਘ ਪੂਰਨ ਅਵਤਾਰ ਆਏ

(ਸੰਤ ਮਹਿੰਦਰ ਸਿੰਘ ਜੀ ਪ੍ਰੀਤ)

(Line)

ਨੋਟ . ਕਵਿਤਾ ਦੀ ਹਰ ਸਤਰ ਦੇ ਪਹਿਲੇ ਅਖਰਾਂ ਨੂੰ ਜੋੜਿਆਂ
ਬਣਦਾ ਹੈ "ਸਤਿਗੁਰੂ ਰਾਮ ਸਿੰਘ ਪੂਰਨ ਅਵਤਾਰ ਆਏ"

Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

## ਰਾਜ ਬਿਨਾਸੀ, ਤਾਮ ਬਿਨਾਸੀ, ਸਾਤਕੁ ਭੀ ਬੇਨਾਧ
## ਦ੍ਰਿਸਟਮਾਨ ਹੈ ਸਗਲ ਬਿਨਾਸੀ,
## ਇਕ ਸਾਧ ਬਚਨ ਅਟਲਾਧਾ।

ਇਥੇ ਤਾਂ ਇਕ ਸਾਧ ਦੇ ਬਚਨ ਦੀ ਮਹਾਨਤਾ ਬਾਰੇ ਲਿਖਿਆ ਹੈ ਕਿ ਦੁਨੀਆਂ ਭਾਵੇਂ ਤਬਾਹ ਹੋ ਜਾਵੇ ਪਰ ਇਹ ਕਦੀ ਨਹੀਂ ਹੋ ਸਕਦਾ ਕਿ ਸਾਧ ਦਾ ਬਚਨ ਪੂਰਾ ਨ ਹੋਵੇ। ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਬਚਨ

## ਦੁਆਦਸ ਪੁਰਖ ਹੈ ਆਦਿ ਸੇ ਸਭਨ ਕੇ ਸਿਰਮੌਰ

ਪੂਰਾ ਕਿਉਂ ਨ ਹੁੰਦਾ

ਇਹ ਸਾਖੀ ਲਿਖਣ ਤੋਂ ਪਹਿਲੋਂ ਤੁਹਾਨੂੰ ਭੁਲੀ ਹੋਈ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਇਕ ਸਾਖੀ ਯਾਦ ਕਰਵਾਉਂਦਾ ਹਾਂ :-

ਸੰਮਤ ੧੫੬੪ ( ਸੰਨ 1507) ਦੀ ਗਲ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ ਮੋਦੀ ਖਾਨੇ ਵਿਚ ਕੰਮ ਕਰਦੇ ਸਨ। ਇਕ ਦਿਨ ਦੀ ਗਲ ਹੈ ਕਿ ਸ੍ਰੀ ਗੁਰੂ ਸਾਹਿਬ ਜੀ ਇਸ਼ਨਾਨ ਕਰਨ ਲਈ ਵੇਈਂ ਨਦੀ ਤੇ ਗਏ। ਇਸ਼ਨਾਨ ਕਰਨ ਲਈ ਜਦੋਂ ਨਦੀ ਵਿਚ ਪ੍ਰਵੇਸ਼ ਕੀਤਾ ਤਾਂ ਪਤਾ ਹੀ ਨ ਲਗਾ ਕਿ ਆਪ ਜੀ ਕਿਥੇ ਹਨ ਟੋਭੂਆਂ ਨੇ ਦੂਰ ਦੂਰ ਤਕ ਨਦੀ ਛਾਣ ਮਾਰੀ ਪਰ ਆਪ ਜੀ ਦੇ ਸ਼ਰੀਰ ਦਾ ਪਤਾ ਨ ਲਗ ਸਕਿਆ। ਹੁਣ ਲੋਕੀ ਅਪਣੀ ਅਪਣੀ ਸਮਝ ਅਨੁਸਾਰ ਸੋਚਾਂ ਸੋਚਣ ਲਗੇ। ਕੋਈ ਆਖੇ ਕਿ ਮੋਦੀ ਖਾਨੇ ਵਿਚ ਘਾਟਾ ਪੈ ਜਾਣ ਕਾਰਣ ਨਵਾਬ ਕੋਲੋਂ ਡਰਦੇ ਡੁੱਬ ਗਏ ਹਨ ਕੋਈ ਆਖੇ ਕਿ ਸੰਸਾਰੀ ਕੰਮਾਂ ਤੋਂ ਤੰਗ ਆ ਕੇ ਡੁੱਬ ਗਏ ਹਨ। ਕੋਈ ਕੁਝ ਆਖੇ ਕੋਈ ਕੁਝ ਆਖੇ, ਸ਼ਰਧਾਲੂ ਕਹਿਣ ਕਿ ਇਹ ਕੋਈ ਕੌਤਕ ਹੈ ਜਿਸਦਾ ਸਾਨੂੰ ਪਤਾ ਨਹੀ ਬੇਬੇ ਨਾਨਕੀ ਜੀ ਅਤੇ ਹੋਰ ਰਿਸ਼ਤੇਦਾਰ ਸ੍ਰੀ ਗੁਰੂ ਜੀ ਦੇ ਵਿਛੋੜੇ ਕਰ ਕੇ ਬਹੁਤ ਦੁਖੀ ਹੋਏ ਤਿੰਨ ਦਿਨਾਂ ਪਿਛੋਂ ਜਦੋਂ ਸ੍ਰੀ ਗੁਰੂ ਜੀ ਅਪਣੀ ਰਜ਼ਾ ਨਾਲ ਨਦੀ ਵਿਚੋਂ ਸਹੀ ਸਲਾਮਤ ਬਾਹਰ ਆਏ ਤਾਂ ਸਾਰੇ ਨਗਰ ਦੀ ਸੋਗੀ ਹਾਲਤ ਖੁਸ਼ੀਆਂ ਵਿਚ ਬਦਲ ਗਈ ਬੇਬੇ ਨਾਨਕੀ ਜੀ ਨੂੰ ਵਧਾਈਆਂ ਮਿਲਣ ਲਗ ਪਈਆਂ। ਸ੍ਰੀ ਸਤਿਗੁਰੂ ਜੀ ਨੇ ਸਾਰੀ ਘਟਨਾ ਸੁਣਾਈ। ਜਨਮ ਸਾਖੀ ਵਿਚ ਇਸ ਘਟਨਾ ਬਾਰੇ ਇਸ ਤਰ੍ਹਾਂ ਲਿਖਿਆ ਹੈ :- ਪਰਮੇਸਰ ਦੇ ਸੇਵਕ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ। ਪ੍ਰਮਾਤਮਾ ਨੇ ਬੜੇ ਪ੍ਰਸੰਨ ਹੋ ਕੇ ਬਚਨ ਕੀਤਾ

Sri Satguru Jagjit Singh Ji Elibrary NamdhariElibrary@gmail.com

ਨਾਨਕ ਜਿਸ ਉਪਰਿ ਤੇਰੀ ਨਦਰਿ, ਤਿਸ ਉਪਰਿ ਮੇਰੀ ਨਦਰਿ। ਜਿਸ ਉਪਰਿ ਤੇਰਾ ਕਰਮ, ਤਿਸ ਉਪਰਿ ਮੇਰਾ ਕਰਮ। ਮੇਰਾ ਨਾਉ ਪਾਰਬ੍ਰਹਮ ਤੇਰਾ ਨਾਉ ਗੁਰ ਪਰਮੇਸ਼ਰ ... ਮੈਂ ਤੇਰੇ ਤਾਈਂ ਨਿਹਾਲ ਕੀਆ ਹੈ, ਤੂੰ ਜਾਇ ਕਰ ਮੇਰਾ ਨਾਮ ਜਪ ਅਰੁ ਲੋਕਾਂ ਤਾਈਂ ਭੀ ਜਪਾਇ ....

ਜਿਸ ਤਰ੍ਹਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੀ ਦਰਗਾਹ ਵਿਚ ਗਏ ਸਨ ਇਸੇ ਤਰ੍ਹਾਂ ਇਕ ਵੇਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਪ੍ਰਮਾਤਮਾ ਦੀ ਦਰਗਾਹ ਵਿਚ ਗਏ ਸਨ। ਇਹ ਉਨ੍ਹਾਂ ਦਿਨਾਂ ਦੀ ਗਲ ਹੈ ਜਦੋਂ ਸ੍ਰੀ ਗੁਰੂ ਬਾਲਕ ਸਿੰਘ ਜੀ ਹਲੇ ਦੇਹ ਕਰਕੇ ਇਸੇ ਸ੍ਰਿਸਟੀ ਵਿਚ ਹੀ ਸਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਦਰਗਾਹ ਵਿਚ ਗਏ ਸਨ ਉਦੋਂ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਗੁਰੂ ਸਾਹਿਬਾਨ ਜੀ ਵੀ ਸੁਸ਼ੋਭਿਤ ਸਨ ਪਰ ਉਥੇ ਇਕ ਸੁੰਦਰ ਸਜਿਆ ਹੋਇਆ ਤਖਤ ਖਾਲੀ ਹੀ ਸੀ ਭਾਵ ਉਸ ਤਖਤ ਉੱਤੇ ਕੋਈ ਵੀ ਵਿਅਕਤੀ ਸੁਭਾਇਮਾਨ ਨਹੀਂ ਸੀ। ਸ੍ਰੀ ਅਕਾਲ ਪੁਰਖ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਹਾ ਕਿ ਆਪ ਉਸ ਖਾਲੀ ਤਖਤ ਉੱਤੇ ਸੁਸ਼ੋਭਿਤ ਹੋ ਜਾਓ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਮੈਂ ਇਨ੍ਹਾਂ ਪੂਜਨੀਕ ਗੁਰੂ ਸਾਹਿਬਾਨ ਦੇ ਹੁੰਦਿਆਂ ਤਖਤ ਉੱਤੇ ਕਿਵੇਂ ਬੈਠ ਸਕਦਾ ਹਾਂ? ਸ੍ਰੀ ਅਕਾਲ ਪੁਰਖ ਜੀ ਨੇ ਫਿਰ ਕਿਹਾ ਕਿ ਮੇਰੀ ਰਜ਼ਾ ਇਸੇ ਤਰ੍ਹਾਂ ਹੈ ਅਤੇ ਮੇਰੀ ਖੁਸ਼ੀ ਵੀ ਇਸੇ ਵਿਚ ਹੈ ਕਿ ਆਪ ਤਖਤ ਉੱਤੇ ਸੁਭਾਇਮਾਨ ਹੋਵੋ। ਇਨਾ ਕਹਿੰਦਿਆਂ ਹੀ ਸ੍ਰੀ ਅਕਾਲ ਪੁਰਖ ਜੀ ਨੇ ਆਪ ਬਾਂਹੋਂ ਫੜ ਕੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਨੂੰ ਤਖਤ ਉੱਤੇ ਬੈਠਾਇਆ ਫਿਰ ਸ੍ਰੀ ਅਕਾਲ ਪੁਰਖ ਜੀ ਨੇ ਕਿਹਾ ਕਿ ਕੋਈ ਵਰ ਮੰਗੋ।

ਸ੍ਰੀ ਸਤਿਗੁਰ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਆਪ ਜੀ ਦਾ ਦਿੱਤਾ ਹੋਇਆ ਸਭ ਕੁਝ ਹੈ

ਸ੍ਰੀ ਅਕਾਲ ਪੁਰਖ ਜੀ ਨੇ ਦੋਬਾਰਾ ਕਿਹਾ ਕਿ ਇਥੋਂ ਕਿਸੇ ਨੂੰ ਖਾਲੀ ਨਹੀਂ ਜਾਣ ਦਿੱਤਾ ਜਾਂਦਾ ਇਸ ਲਈ ਕੋਈ ਵਰ ਜਰੂਰ ਮੰਗੋ।

ਫਿਰ ਸ੍ਰੀ ਸਤਿਗੁਰੂ ਜੀ ਨੇ ਅਰਜ਼ ਕੀਤੀ : ਜੇ ਤੂੰ ਤੁਠਾ ਕ੍ਰਿਪਾ ਨਿਧਾਨ, ਤਾਂ ਇਹ ਕ੍ਰਿਪਾ ਕਰੋ ਕਿ ਕੁਲ ਸ੍ਰਿਸਟੀ ਆਪ ਜੀ ਦਾ ਨਾਮ ਜਪਦੀ ਦਿਸੇ। ਵਣ ਤ੍ਰਿਣ ਪਰਬਤ

ਮਨੁਖ, ਪਸ਼ੂ ਪੰਛੀ ਆਦਿ ਸਭ ਆਪਜੀ ਦਾ ਨਾਮ ਜਪਦੇ ਦਿਸਨ ।

ਸ੍ਰੀ ਅਕਾਲ ਪੁਰਖ ਜੀ ਵਾਸਤੇ ਤਾਂ ਛੋਟੀ ਜਾਂ ਵਡੀ ਮੰਗ ਦਾ ਕੋਈ ਸਵਾਲ ਹੀ ਨਹੀਂ ਪਰ ਇਕ ਵਾਰੀ ਹੈਰਾਨ ਜਰੂਰ ਹੋਏ । ਕਹਿਣ ਲਗੇ ਹੈਂ ! ਏਡੀ ਵਡੀ ਮੰਗ ! ਏਡੀ ਵਡੀ ਮੰਗ ਤਾਂ ਅਜ ਤਕ ਕਿਸੇ ਵੀ ਨਹੀਂ ਮੰਗੀ ।

ਇਸ ਸਾਖੀ ਤੋਂ ਪਤਾ ਲਗਦਾ ਹੈ ਕਿ ਸ੍ਰੀ ਸਤਿਗੁਰੂ ਰਾਮਸਿੰਘ ਜੀ ਨੂੰ ਜਦ ਸ੍ਰੀ ਅਕਾਲ ਪੁਰਖ ਜੀ ਨੇ ਆਪ ਤਖ਼ਤ ਉੱਤੇ ਬੈਠਾਇਆ ਸੀ ਤਾਂ

**ਤਖਤਿ ਬਹੈ ਤਖਤੈ ਕੀ ਲਾਇਕ** ਅਨੁਸਾਰ ਉਹ ਸਿਰਮੌਰ ਹੀ ਹਨ । ਇਸ ਦੀ ਪੁਸ਼ਟੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤਾਂ ਪਹਿਲਾਂ ਹੀ ਇਹ ਲਿਖ ਕੇ ਕਰ ਗਏ ਸਨ

ਦੁਆਦਸ ਪੁਰਖ ਹੈ ਆਦਿ ਸੇ ਸਭਨ ਕੇ ਸਿਰਮੌਰ
ਸ਼ਕਤ ਅਨੰਤੀ ਆਇ ਹੈਂ, ਆਦਿ ਇਹ ਨਹੀਂ ਔਰ

ਫਿਰ ਉਨ੍ਹਾਂ ਦਾ ਪ੍ਰਾਦੁਰਭਾਵ ਵੀ ਆਮ ਸਰੀਰਾਂ ਵਾਙੂ ਨਹੀਂ ਸੀ ਹੋਇਆ ਸਗੋਂ ਭਗਤ ਕਬੀਰ ਜੀ ਦੇ ਲਿਖੇ ਅਨੁਸਾਰ ਹੋਇਆ ਸੀ

ਸੰਕਟ ਨਹੀਂ ਪਰੈ, ਜੋਨ ਨਹੀਂ ਆਵੈ ਨਾਮ ਨਿਰੰਜਨ ਜਾ ਕੋ ਰੇ
ਕਬੀਰ ਕੋ ਸੁਆਮੀ ਐਸੋ ਠਾਕੁਰ ਜਾ ਕਾ ਮਾਈ ਨ ਬਾਪੋ ਰੇ

ਇਸ ਸਿਰਮੌਰ ਸਤਿਗੁਰੂ ਜੀ ਦਾ ਜਸ ਤਾਂ ਮਿਸਰੀ ਦਾ ਪਹਾੜ ਹੈ ਮੈਂ ਚੀਟੀ ਉਸ ਪਹਾੜ ਵਿਚੋਂ ਕਿੰਨਾ ਕੁ ਚੁਕ ਸਕਦੀ ਹੈ

**ਮੀਨ ਹੀਨ ਮਤ ਕਿਆ ਗਤਿ ਜਾਣੇ**

ਸਮੁੰਦਰ ਵਿਚੋਂ ਬੂੰਦ ਮਾਤਰ ਲਿਖਣ ਦਾ ਯਤਨ ਕੀਤਾ ਹੈ
ਗਲਤੀਆਂ ਮੁਆਫ਼ ਕਰਨੀਆਂ ਜੀ
ਸੰਤੋਖ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

ਸੋਈ ਨੇਤ ਫੁਰੀ ਆਏ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰੁਵਾਰ ਕੋ ।
ਜਿਲੇ ਲੁਦਿਹਾਨੇ ਗ੍ਰਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ-ਰਾਮ ਕਲਮਲੈਂ ਟਾਰ ਕੈ ।
ਜਾਤਿ ਤਰਖਾਨ, ਜੱਸੇ ਨਾਮ ਕੇ ਅਵਸੇ ਘਰਿ
ਸੱਦਾਂ ਮਾਤ ਸੇਂ ਪ੍ਰਕਾਸ਼ੇ ਨਾਮ ਪਰਚਾਰ ਕੈ ।
ਬਾਲਕ ਹੀ ਪਨ ਮੈਂ ਥੇ ਈਸ਼ੁਰ ਕੇ ਮਨ ਮੈਂ ਥੇ
ਬਨਾਵਤੇ ਮ ਗਨ ਮੈਂ ਥੇ ਜਨੋ ਕੇ ਸੁਧਾਰ ਕੈ ।

( ਗਿਆਨੀ ਗਿਆਨ ਸਿੰਘ ਜੀ )

*Sri Satguru Ram Singh ji descended like a god in a well known village Sri Bhaini Sahib in district Ludhiana on Thursday morning, the fifth moon of Magha 1872 Bikrami (AD 1816) His father's name was Baba Jassa Singh and mother's name was Mata Sada Kaur. Even while a child his mind was replete with Divine Presence and dedicated to the uplift of mankind. He alongwith his playmates was ever absorbed in Him*

ਭਾਵ ਇਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਮਤ 1872 (ਸੰਨ 1816) ਦੀ ਮਾਘ ਸੁਦੀ ਪੰਚਮੀ ਨੂੰ ਜ਼ਿਲੇ ਲੁਧਿਆਣੇ ਦੇ ਇਕ ਪਿੰਡ ਸ੍ਰੀ ਭੈਣੀ ਸਾਹਿਬ ਵਿਚ ਬਾਬਾ ਜੱਸਾ ਸਿੰਘ ਜੀ ਅਤੇ ਮਾਤਾ ਸਦਾ ਕੌਰ ਜੀ ਦੇ ਘਰ ਪ੍ਰਗਟ ਹੋਏ । ਆਪ ਜੀ ਬਚਪਨ ਤੋਂ ਹੀ ਇਸ਼ਵਰ ਧਿਆਨ ਵਿਚ ਮਗਨ ਰਹਿੰਦੇ ਸਨ

ਕਹਿੰਦੇ ਹਨ ਕਿ ਹੋਣਹਾਰ ਬਰੂਟੇ ਦੇ ਪੱਤੇ ਚੀਕਨੇ ਅਤੇ ਵਿਲੱਖਣ ਹੁੰਦੇ ਹਨ । ਸ੍ਵਾਂਗੀ ਸਤਿਗੁਰੂ ਜੀ ਨੇ ਪੰਜਾਬੀ ਅੱਖਰ ਅਪਣੀ ਮਾਤਾ ਜੀ ਕੋਲੋਂ ਹੀ ਪੜ੍ਹੇ ਸਨ ਬਚਪਨ ਵਿਚ ਹੀ ਕਈ ਬਾਣੀਆਂ ਕੰਠ ਕਰ ਲਈਆਂ ਸਨ । ਅਨੇਕ ਤਰ੍ਹਾਂ ਦੇ ਚੋਜ ਕਰਦੇ ਹੋਏ ਆਪ ਜਵਾਨ ਹੋਏ । ਜਵਾਨੀ ਵਿਚ ਪੈਰ ਧਰਦਿਆਂ ਹੀ ਆਪ ਫੌਜ ਵਿਚ ਭਰਤੀ ਹੋ ਗਏ

(ਨੋਟ) ਇਥੇ ਸ੍ਰੀ ਸਤਿਗੁਰੂ ਜੀ ਦਾ ਪ੍ਰਕਾਸ਼ ਪਿੰਡ ਸ੍ਰੀ ਭੈਣੀ ਸਾਹਿਬ ਵਿਚ ਲਿਖਿਆ ਹੈ ਪਰ ਅਸਲ ਵਿਚ ਪ੍ਰਕਾਸ਼ ਪਿੰਡ ਰਾਇਆਂ ਵਿਚ ਹੋਇਆ ਸੀ ਦੋਵੇਂ ਪਿੰਡ ਨਾਲ ਨਾਲ ਹੀ ਹਨ ।

ਘੜੇ ਥਾਇ, ਜਾਇ ਕੈ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ, ਪਛਾਨ ਕੈ ਸੁਕ੍ਰਿਤ ਹੈ
ਬਾਣੀ ਗੁਰ ਕੀ ਪੜ੍ਹੈ ਹੈਂ, ਭਜਨ ਕਰੈ ਹੈਂ
ਰੈਹੈਂ ਰਹਿਨੋ ਇਕੰਤ, ਦੈਹੈਂ (ਦਾਨ) ਆਜਜੋ ਕੋ ਬਿੱਤ ਹੈਂ।

Thinking that service in army is a noble service for the country, Sri Satguru went to Lahore (capital of the Punjab) and got entered in the Sikh army (Khalsa Fauj). Even in the army, Satguru ji used to recite Gurmantra and Gurbani daily.

ਫੌਜ ਵਿਚ ਰਹਿੰਦਿਆਂ ਆਪ ਜੀ ਨੇ ਵੇਖਿਆ ਕਿ ਸਿਖ ਨਾਮ ਜਪਣਾ ਅਤੇ ਬਾਣੀ ਪੜ੍ਹਨੀ ਛੱਡ ਬੈਠੇ ਹਨ। ਆਪਣੇ ਸੱਚੇ ਅਤੇ ਸੁੱਚੇ ਆਚਾਰ ਨੂੰ ਤਿਆਗ ਕੇ ਕੁਕਰਮ ਕਰਨ ਲਗ ਪਏ ਹਨ। ਧਰਮ ਭਾਵਨਾ ਨਹੀ ਰਹੀ, ਨਸ਼ਿਆਂ ਦੀ ਵਰਤੋਂ ਹਦੋਂ ਵਧ ਹੋ ਗਈ ਹੈ, ਖਾਣ ਪੀਣ ਦਾ ਕੋਈ ਪਰਹੇਜ਼ ਨਹੀ ਰਿਹਾ। ਧੜੇ ਬਾਜ਼ੀ ਕਾਰਨ ਸਿਖ ਕਈ ਧੜਿਆਂ ਵਿਚ ਵੰਡੇ ਗਏ ਹਨ ਅਤੇ ਸਿਖਾਂ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਿਖੀ ਅਲੋਪ ਹੋ ਗਈ ਹੈ

ਫੌਜ ਵਿਚ ਰਹਿੰਦਿਆਂ ਸਤਿਗੁਰੂ ਜੀ ਭਜਨ ਵੀ ਕਰਦੇ ਸਨ ਅਤੇ ਬਾਣੀ ਵੀ ਪੜ੍ਹਦੇ ਸਨ। ਆਪ ਜੀ ਦੀ ਪ੍ਰੇਰਨਾ ਨਾਲ ਆਪ ਜੀ ਵਾਲੀ ਪਲਟਨ ਦੇ ਸਾਰੇ ਫੌਜੀ ਭਜਨ ਬਾਣੀ ਕਰਨ ਲਗ ਪਏ ਸਨ। ਹੌਲੀ ਹੌਲੀ ਇਸ ਪਲਟਨ ਦਾ ਨਾਮ ਵੀ ਭਗਤਾਂ ਵਾਲੀ ਫੌਜ ਪੈ ਗਿਆ ਸੀ। ਇਸ ਪਲਟਨ ਦੇ ਸੂਬੇਦਾਰ ਸ. ਕਾਹਨ ਸਿੰਘ ਜੀ ਆਪ ਜੀ ਦੇ ਪੱਕੇ ਸ਼ਰਧਾਲੂ ਬਣ ਗਏ ਸਨ। ਸਤਿਗੁਰੂ ਜੀ ਨੇ ਇਸ ਸੂਬੇਦਾਰ ਜੀ ਨੂੰ ਕਈ ਕੌਤਕ ਵਿਖਾਏ ਸਨ। ਉਨ੍ਹਾਂ ਵਿਚੋਂ ਇਕ ਕੌਤਕ ਇਸ ਤਰ੍ਹਾਂ ਹੈ

ਇਕ ਦਿਨ, ਸ਼ਾਮ ਨੂੰ ਸ੍ਰੀ ਸਤਿਗੁਰੂ ਜੀ, ਸੂਬੇਦਾਰ ਜੀ ਦੇ ਨਾਲ ਸੈਰ ਕਰਨ ਜਾ ਰਹੇ ਸਨ। ਸ਼ਹਿਰ ਤੋਂ ਬਾਹਰ ਜਦੋਂ ਸ਼ਮਸਾਨ ਭੂਮੀ ਦੇ ਨੇੜੇ ਪਹੁੰਚੇ ਤਾਂ ਸਤਿਗੁਰੂ ਜੀ ਨੇ ਦੌੜ ਕੇ ਇਕ ਸੜਨ ਨੂੰ ਬਿਲਕੁਲ ਤਿਆਰ ਮੁਰਦੇ ਦੀ ਚਿਖਾ ਕੋਲ ਪਹੁੰਚ ਕੇ ਛੇਤੀ ਨਾਲ ਮੁਰਦੇ ਦਾ ਖੱਫਣ ਫਾੜ ਕੇ ਉਸ ਮੁਰਦੇ ਨੂੰ ਖੜ੍ਹਾ ਕਰ ਦਿੱਤਾ। ਉਹ ਪਰਾਣਾਂ ਤੋਂ ਰਹਿਤ ਪਰਾਣੀ ਪਰਾਣ ਸਹਿਤ ਹੋ ਕੇ ਸਤਿਗੁਰੂ ਜੀ ਦੇ ਚਰਣਾਂ ਤੇ ਢਹਿ ਪਇਆ ਅਤੇ ਫਿਰ ਉੱਠ ਕੇ ਸਤਿਗੁਰੂ ਜੀ ਵਲ ਇਸ਼ਾਰਾ ਕਰ ਕੇ ਲੋਕਾਂ ਨੂੰ ਕਹਿਣ ਲਗਾ

ਨਿਰਗੁਨ ਆਪਿ ਸਰਗੁਨ ਭੀ ਓਹੀ

ਹ ਦੱਸਣ ਲਗਾ ਕਿ ਜਦੋਂ ਮੇਰਾ ਸਰੀਰ ਛੁਟਿਆ ਸੀ ਤਾਂ ਦਰਗਾਹ ਵਿਚ ਮੈਨੂੰ ਇਸੇ ਮੂਰਤੀ ਦਾ ਦਰਸ਼ਨ ਹੋਇਆ ਸੀ। ਮੈਂ ਅਸਚਰਜ ਇਸ ਗੱਲ ਤੇ ਹਾਂ ਕਿ ਇਹ ਮੂਰਤੀ ਦਰਗਾਹ ਵਿਚੋਂ ਇਥੇ ਕਿਸ ਤਰ੍ਹਾਂ ਆ ਗਈ ਹੈ? ਇੰਨਾ ਕਹਿ ਕੇ ਉਹ ਧੰਨ ਜੀਵਾਲਣਹਾਰ, ਧੰਨ ਜੀਵਾਲਣ ਹਾਰ ਕਹਿੰਦਾ ਹੋਇਆ ਮਸਤਾਨਾ ਹੋ ਗਿਆ। ਉਹਨੂੰ ਇਸੇ ਮਸਤਾਨੀ ਹਾਲਤ ਵਿਚ ਛੱਡ ਕੇ ਸਤਿਗੁਰੂ ਜੀ ਵਾਪਸ ਆ ਗਏ

ਸਤਿਗੁਰੂ ਜੀ ਦੇ ਇਸ ਕੌਤਕ ਕਾਰਨ ਵਾਪਸੀ ਵਿਚ ਕੁਝ ਦੇਰੀ ਹੋ ਗਈ। ਸੂਬੇਦਾਰ ਜੀ ਸਤਿਗੁਰੂ ਜੀ ਅਗੇ ਝੁਰੇ ਅਤੇ ਬੇਨਤੀ ਕੀਤੀ ਕਿ ਹੇ ਮਹਾਰਾਜ! ਮੈਂ ਤੇ ਗਰਾਊਂਡ ਵਿਚ ਪਲਟਨ ਦੀ ਸ਼ਾਮ ਦੀ ਹਾਜਰੀ ਲੈਣੀ ਸੀ, ਦੇਰੀ ਹੋ ਜਾਣ ਕਾਰਨ ਫੌਜੀ ਵਾਪਸ ਚਲੇ ਗਏ ਹੋਣਗੇ ਅਤੇ ਹਾਜਰੀ ਨ ਲੈਣ ਦੀ ਸ਼ਿਕਾਇਤ ਵਡੇ ਅਫਸਰ ਕੋਲ ਪਹੁੰਚ ਜਾਏਗੀ। ਫਿਰ ਸ਼ਾਇਦ ਮੈਨੂੰ ਨੌਕਰੀ ਤੋਂ ਜਵਾਬ ਮਿਲ ਜਾਏਗਾ, ਲੋਕਾਂ ਵਿਚ ਹਾਨੀ ਹੋਵੇਗੀ। ਸਤਿਗੁਰੂ ਜੀ ਨੇ ਹੌਸਲਾ ਦਿੱਤਾ ਅਤੇ ਕਹਿਆ, ਅੱਖਾਂ ਮੀਟੋ। ਅਖਾਂ ਮੀਟ ਕੇ ਜਦੋਂ ਸਰਦਾਰ ਜੀ ਨੇ ਫਿਰ ਅੱਖਾਂ ਖੋਲੀਆਂ ਤਾਂ ਆਪਣੇ ਆਪ ਨੂੰ ਹਾਜਰੀ ਲੈਣ ਵਾਲੀ ਗਰਾਊਂਡ ਵਿਚ ਵੇਖਿਆ, ਹੈਰਾਨ ਰਹਿ ਗਏ। ਫਿਰ ਜਦੋਂ ਸੂਬੇਦਾਰ ਜੀ ਹਾਜਰੀ ਲੈਣ ਲੱਗੇ ਤਾਂ ਫੌਜੀਆਂ ਨੇ ਕਹਿਆ ਸੂਬੇਦਾਰ ਜੀ। ਹਾਜਰੀ ਅਗੇ ਲੈ ਚੁੱਕੇ ਹੋ; ਹੁਣ ਦੁਬਾਰਾ ਹਾਜਰੀ ਲੈਣ ਦਾ ਕੀ ਮਤਲਬ? ਸੂਬੇਦਾਰ ਜੀ ਜਿਹੜੇ ਅਗੇ ਹੀ ਸਤਿਗੁਰੂ ਜੀ ਦੇ ਕੌਤਕ ਵੇਖਕੇ ਹੈਰਾਨ ਸਨ ਸੋਚਣ ਲੱਗੇ ਕਿ ਭਾਈ ਜੀ (ਸਤਿਗੁਰੂ ਜੀ) ਨੇ ਤਾਂ ਗੁਰੂ ਨਾਨਕ ਦੇਵ ਵਾਲਾ, ਬੇਬੇ ਨਾਨਕੀ ਜੀ ਦੇ ਯਾਦ ਕਰਨ ਤੇ ਮੱਕੇ ਤੋਂ ਛਿਨ ਵਿਚ ਸੁਲਤਾਨਪੁਰ ਪਹੁੰਚ ਕੇ ਸੁਹਣਾ ਫੁਲਿਆ ਹੋਇਆ ਗਰਮ ਗਰਮ ਪਰਸ਼ਾਦਾ ਛਕਣ ਵਾਲਾ ਕੌਤਕ ਕਰ ਵਖਾਇਆ ਹੈ, ਪਹਿਲਾਂ ਮੁਰਦੇ ਨੂੰ ਜਵਾਇਆ ਹੈ, ਫਿਰ ਏਡੀ ਦੂਰੋਂ ਛਿਨ ਵਿਚ ਇਥੇ ਪਹੁੰਚਾ ਦਿੱਤਾ ਹੈ ਅਤੇ ਫਿਰ ਮੇਰਾ ਹੀ ਰੂਪ ਧਾਰਕੇ ਪੂਰੇ ਵਕਤ ਸਿਰ ਹਾਜਰੀ ਵੀ ਲੈ ਚੁਕੇ ਹਨ। ਇਹ ਕੌਤਕ ਵੇਖਕੇ ਸੂਬੇਦਾਰ ਜੀ ਦੀ ਸਰਧਾ ਹੋਰ ਵੀ ਵਧ ਗਈ। ਇਸੇ ਤਰਾਂ ਸਤਿਗੁਰੂ ਜੀ ਕਈਆਂ ਨੂੰ ਕੌਤਕ ਵਖਾਉਂਦੇ ਰਹਿੰਦੇ ਸਨ।

## ਸੰਮਤ ਅਠਾਰਾਂ ਸੋ ਅਠਾਨਵੇਂ ਮੈਂ ਪਲਟਨ, ਗਈ ਥੀ ਸੋ ਹਜਰੋ ਮੈਂ, ਰਾਜ ਕਾਜ ਹਿਤ ਹੈ

(ਗਿਆਨੀ ਗਿਆਨ ਸਿੰਘ ਜੀ)

ਸੰਮਤ 1898 (ਸੰਨ 1842) ਵਿਚ ਇਹ ਭਗਤਾਂ ਵਾਲੀ ਫੌਜ ਕਿਸੇ

ਸਰਕਾਰੀ ਕੰਮ ਵਾਸਤੇ ਪਸ਼ੌਰ ਨੂੰ ਗਈ ਸੀ। ਇਹ ਪਲਟਨ ਰਾਹ ਵਿਚ ਕਈ ਥਾਵਾਂ ਤੇ ਪੜਾਉ ਕਰਦੀ ਜਾ ਰਹੀ ਸੀ। ਇਕ ਪੜਾਉ ਸ੍ਰੀ ਹਜ਼ੋਰ ਸਾਹਿਬ ਵੀ ਕੀਤਾ। ਇਥੇ ਉਨ੍ਹਾਂ ਦਿਨਾਂ ਵਿਚ ਗੁਰੂ ਬਾਲਕ ਸਿੰਘ ਜੀ ਦੀ ਬੜੀ ਪ੍ਰਸਿੱਧੀ ਸੀ

**ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ**
**ਰਾਮ ਸਿੰਘ ਦਰਸਾਤੇਂ ਸਾਂਤੈ ਜਾਇ ਜਿਤ ਕਿਤ ਹੀ**

ਅਨੁਸਾਰ ਸਤਿਗੁਰੂ ਜੀ ਦਾ ਸੁਭਾਵ ਸਾਧੂ ਸੰਤਾਂ ਦੇ ਦਰਸ਼ਨ ਕਰਨ ਵਾਲਾ ਸੀ ਜਿਥੇ ਕਿਥੇ ਵੀ ਕਿਸੇ ਸਾਧੂ ਸੰਤ ਦਾ ਪਤਾ ਲਗਦਾ, ਉਸਦੇ ਦਰਸ਼ਨ ਕਰਨ ਵਾਸਤੇ ਜ਼ਰੂਰ ਜਾਂਦੇ। ਹਜ਼ਰੋ ਵਿਚ ਜਦੋਂ ਆਪ ਜੀ ਨੇ ਗੁਰੂ ਬਾਲਕ ਸਿੰਘ ਜੀ ਦੀ ਪ੍ਰਸਿਧੀ ਸੁਣੀ ਤਾਂ ਉਨਾਂ ਦੇ ਦਰਸ਼ਨ ਕਰਨ ਵਾਸਤੇ ਚਲੇ। ਆਪ ਜੀ ਦੇ ਨਾਲ ਕਈ ਹੋਰ ਫੌਜੀ ਵੀ ਟੁਰ ਪਏ। ਉਸ ਵਕਤ ਸ੍ਰੀ ਗੁਰੂ ਬਾਲਕ ਸਿੰਘ ਜੀ ਇਕ ਬਗੀਚੀ ਵਿਚ ਕਥਾ ਕਰ ਰਹੇ ਸਨ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਥੇ ਪੁਜੇ ਸਨ, ਉਦੋਂ ਸ੍ਰੀ ਗੁਰੂ ਬਾਲਕ ਸਿੰਘ ਜੀ ਇਸ ਸ਼ਬਦ ਦੀ ਕਥਾ ਕਰ ਰਹੇ ਸਨ :-

**ਠਾਕੁਰ ਤੁਮ ਸਰਣਾਈ ਆਇਆ**
ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ

ਮਰਯਾਦਾ ਪਰਸ਼ੋਤਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸੰਗਤ ਵਿਚ ਜਾ ਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਮਥਾ ਟੇਕਿਆ ਤਾਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ :-

**"ਆਓ ਠਾਕੁਰ ਜੀ ਮਹਾਰਾਜ! ਅਸੀਂ ਤਾਂ ਬੜੇ ਚਿਰਾਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਾਂ"**

ਇੰਨਾਂ ਬਚਨ ਕਰ ਕੇ ਗੁਰੂ ਬਾਲਕ ਸਿੰਘ ਜੀ ਉਠ ਕੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਨੂੰ ਜੱਫੀ ਪਾ ਕੇ ਮਿਲੇ ਅਤੇ ਸਾਰੀ ਸੰਗਤ ਨੂੰ ਦਸਿਆ ਕਿ ਇਹ ਓਹੀ ਠਾਕੁਰ ਜੀ ਹਨ, ਜਿੰਨਾਂ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੈਨੂੰ ਹੁਕਮ ਕਰ ਗਏ ਸਨ ਕਿ ਅਸੀਂ ਆਪ ਹੀ ਇਥੇ ਆ ਕੇ ਅਪਣੀ ਅਮਾਨਤ ਲੈ ਲਵਾਂਗੇ ਅਤੇ ਜਿਨ੍ਹਾਂ ਬਾਰੇ ਲਿਖਿਆ ਹੈ

**ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।**
**ਸ਼ਕਤਿ ਅਨੰਤੀ ਆਇ ਹੈ, ਆਦਿ ਇਹੈ, ਨਹੀਂ ਔਰ ॥**

ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਬੜੇ ਆਦਰ ਸਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੀ ਗੱਦੀ ਤੇ ਬਿਠਾਇਆ । ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਖੁੱਦ ਅਕਾਲ ਪੁਰਖ ਹਨ, ਪਰ ਮਰਯਾਦਾ ਨੂੰ ਮੁਖ ਰਖ ਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੰਨ ਵਿਚ ਗੁਰਮੰਤ੍ਰ ਦਿੱਤਾ । ਇਸ ਦੇ ਨਾਲ ਹੀ ਦੂਜੇ ਆਏ ਫੌਜੀਆਂ ਨੇ ਵੀ ਭਜਨ (ਗੁਰਮੰਤ੍ਰ) ਲਿਆ ।

ਭਜਨ ਦਸ ਕੇ, ਫਿਰ ਪੰਜ ਪੈਸੇ ਅਤੇ ਨਾਰੀਅਲ ਰਖ ਕੇ ਗੁਰੂ ਬਾਲਕ ਸਿੰਘ ਜੀ ਨੇ ਪਹਿਲਾਂ ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮਥਾ ਟੇਕਣ ਦਾ ਹੁਕਮ ਦਿੱਤਾ । ਇਸ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰੂ ਗੱਦੀ ਵਾਲੀ ਅਮਾਨਤ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤੀ ।

ਸਰਕਾਰੀ ਕੰਮ ਕਰਕੇ ਸਾਰੀ ਪਲਟਨ, ਸਤਿਗੁਰੂ ਜੀ ਸਮੇਤ ਵਾਪਸ ਲਾਹੌਰ ਆ ਗਈ । ਫੌਜ ਵਿਚ ਰਹਿੰਦਿਆਂ, ਸ੍ਰੀ ਸਤਿਗੁਰੂ ਜੀ ਨੇ ਅਨੁਭਵ ਕੀਤਾ ਕਿ ਫੌਜ ਵਿਚ ਬੜੀ ਢਿਲਾਈ ਆ ਗਈ ਹੈ ਅਤੇ ਸਿਖ ਅਨੇਕ ਕੁਰੀਤੀਆਂ ਦੇ ਸ਼ਿਕਾਰ ਹੋ ਚੁਕੇ ਹਨ । ਸਿਖ ਸਰਦਾਰ, ਜਗੀਰਾਂ ਦੇ ਅਫਰਾ ਨਾਲ, ਸਿਖੀ ਚਰਿਤਰ, ਸਿਖੀ ਰਹਿਤ ਅਥਵਾ ਸਿਖੀ ਜੋਸ਼ ਬਿਲਕੁਲ ਤਿਆਗ ਬੈਠੇ ਹਨ, ਸਿਖ ਫੌਜ ਅਤੇ ਸਿਖ ਸਰਕਾਰ ਈਰਖਾ ਅਤੇ ਫੁਟ ਦਾ ਸ਼ਿਕਾਰ ਹੋ ਚੁਕੀਆਂ ਹਨ । ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਪਿਛੋਂ ਸੰਨ 1845 ਵਿਚ ਅੰਗਰੇਜ਼-ਸਿਖ ਲੜਾਈ ਸ਼ੁਰੂ ਹੋ ਗਈ ਮੁਦਕੀ ਦੀ ਲੜਾਈ ਲਈ ਜਾਣ ਤੋਂ ਪਹਿਲਾਂ ਸਿਖ ਸਰਦਾਰਾਂ ਨੇ ਆਪ ਜੀ ਨੂੰ ਜਿੱਤ ਵਾਸਤੇ ਅਰਦਾਸ ਕਰਨ ਲਈ ਬੇਨਤੀ ਕੀਤੀ । ਸਤਿਗੁਰੂ ਜੀ ਸੂਰਜ ਵਲ ਮੂੰਹ ਕਰਕੇ ਇਕ ਲਤ ਦੇ ਭਾਰ ਖਲੋ ਗਏ । ਖਲੋਤੇ ਖਲੋਤੇ ਡਿਗ ਪਏ । ਫਿਰ ਉੱਠ ਕੇ ਕਹਿਣ ਲਗੇ ' ਹੁਣ ਕਿਸੇ ਵੀ ਅਰਦਾਸ ਨਾਲ ਖਾਲਸੇ ਦੀ ਫਤਹਿ ਨਹੀਂ ਹੋ ਸਕਦੀ, ਬੇਸ਼ਕ ਚੜ੍ਹਾਈ ਕਰਕੇ ਵੇਖ ਲਓ"

ਗਦਾਰਾਂ ਦੇ ਉਕਸਾਇਆਂ ਸਿਖ ਫੌਜਾਂ ਨੇ ਚੜ੍ਹਾਈ ਕਰ ਦਿੱਤੀ । ਜਦੋਂ ਫੌਜਾਂ ਹਰੀ ਕੇ ਪਤਣ ਪਹੁੰਚੀਆਂ ਤਾਂ ਸਤਿਗੁਰੂ ਜੀ ਨੇ ਆਪਣੀ ਬੰਦੂਕ ਦਰਿਆ ਵਿਚ ਸੁੱਟ ਦਿਤੀ । ਫੌਜੀਆਂ ਦੇ ਪੁਛਣ ਤੇ ਆਪ ਜੀ ਨੇ ਨਿਡਰ ਹੋ ਕੇ ਕਹਿਆ ਕਿ " ਮੈਂ ਅੱਜ ਸੁੱਟੀ ਹੈ, ਤੁਸੀਂ ਕਲ ਸੁੱਟੋਗੇ" ਅਗਲੇ ਦਿਨ ਆਪਸੀ ਫੁਟ ਕਾਰਨ ਅਤੇ ਸਰਦਾਰਾਂ ਦੀ ਗਦਾਰੀ ਕਾਰਨ ਸਿਖ ਫੌਜਾਂ ਬੁਰੀ ਤਰਾਂ ਹਾਰੀਆਂ । ਫੌਜੀ ਆਪਣੀਆਂ ਬੰਦੂਕਾਂ ਦਰਿਆ ਵਿਚ ਸੁੱਟ ਕੇ ਆਪਣੀਆ ਜਾਨਾਂ ਬਚਾਣ ਖਾਤਰ ਲੁਕਦੇ ਫਿਰੇ । ਇਸ ਲੜਾਈ ਪਿਛੋਂ ਅੰਗਰੇਜ਼ਾਂ ਨੇ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ । ਮਹਾਰਾਜਾ ਦਲੀਪ ਸਿੰਘ ਸਿੰਘ ਨੂੰ ਨਿਰਾਧਿਕਾਰ ਕੀਤਾ ਗਿਆ ਅਤੇ ਉਸ ਨੂੰ ਇੰਗਲੈਂਡ ਭੇਜ ਦਿਤਾ ਗਿਆ ।

ਹੁਣ ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਆ ਗਏ ।
ਕੁਝ ਸਮੇਂ ਲਈ ਆਪ ਜੀ, ਅਪਣੇ ਮਾਮੇ ਹਰੀ ਸਿੰਘ ਜੀ ਕੋਲ ਫੀਰੋਜ਼ਪੁਰ ਚਲੇ ਗਏ । ਉਥੇ ਆਪਣੀ ਨਿਗਰਾਨੀ ਹੇਠ ਇਮਾਰਤਾਂ ਦਾ ਕੰਮ ਕਰਾਇਆ । ਉਥੋਂ ਵਾਪਸ ਆ ਕੇ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਲੋਹੇ ਕਪੜੇ ਦੀ ਦੁਕਾਨ ਖੋਹਲ ਲਈ ਦੁਕਾਨ ਖੋਹਲਣ ਦਾ ਮਨੋਰਥ ਅਪਣੀ ਕਿਰਤ ਨਾਲ ਪਰਿਵਾਰ ਦਾ ਗੁਜ਼ਾਰਾ ਕਰਨਾ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ ਸੀ ।

**ਕਰਤੇ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,**
**ਤਾਂ ਤੈ ਨਫਾ ਪਾਇ ਜੋਊ ਆਪ ਪੈਨ੍ਹੇ ਖਾਇ ਹੈਂ,**
**ਸੰਗਤ ਅਪਾਰ ਆਵੈ, ਦੂਾਰ ਪੈ ਰਹਾਵੈ ਭੀਰ,**
**ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੇਂ ਪਾਇ ਹੈ**

ਸ੍ਰੀ ਸਤਿਗੁਰੂ ਜੀ ਦੇ ਆਕਰਸ਼ਕ ਦਰਸ਼ਨ ਅਤੇ ਦਾਨੀ ਸੁਭਾਉ ਕਾਰਨ ਗਾਹਕਾਂ ਦੀ ਅਤੇ ਲੋੜਵੰਦਾਂ ਦੀ ਭੀੜ ਲਗੀ ਰਹਿੰਦੀ । ਆਇਆਂ ਗਿਆਂ ਵਾਸਤੇ ਲੰਗਰ ਹਮੇਸ਼ਾ ਚਾਲੂ ਰਹਿੰਦਾ ਸੀ

ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਛੋਂ ਸਰਬ ਸਾਂਝੇ ਅਤੇ ਸਰਬ ਸੁਖਦਾਈ ਰਾਜ ਦੇ ਪਤਨ ਉਪਰੰਤ ਨਾ ਤਾਂ ਸਿਖਾਂ ਦੀ ਕੋਈ ਜਥੇਬੰਦੀ ਰਹੀ ਅਤੇ ਨਾ ਹੀ ਸਿੱਖੀ ਜੀਵਨ ਹੀ ਰਿਹਾ । ਉਸ ਵੇਲੇ ਬੇ ਸਰਦਾਰੀਆਂ ਅਤੇ ਆਪ ਮੁਹਾਰੀਆਂ ਫੌਜਾਂ ਅੰਗਰੇਜ਼ਾਂ ਦੇ ਝੰਡੇ ਹੇਠ ਆ ਗਈਆਂ ਅਤੇ ਗੁਲਾਮੀ ਦੀ ਸਲਾਮੀ ਕਰਨ ਲਗ ਪਈਆਂ । ਸਿੱਖ ਰਾਜਸੀ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਹੋਣ ਦੇ ਨਾਲ ਨਾਲ ਆਤਮਕ ਤੇ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁਕੇ ਸਨ । ਗੁਰਦੁਆਰਿਆਂ ਵਿਚ ਦੰਭੀ ਪੁਜਾਰੀਆਂ ਦਾ ਬੋਲ ਬਾਲਾ ਸੀ ਸਿਖ ਵਹਿਮਾਂ ਭਰਮਾਂ ਅਤੇ ਕੁਰੀਤੀਆਂ ਵਿਚ ਫਸ ਗਏ ਸਨ । ਇਸ਼ਨਾਨ ਪਾਣੀ, ਭਜਨ ਬਾਣੀ ਅਤੇ ਸੇਵਾ ਕਰਨੀ ਭਾਵ ਨਾਮ ਦਾਨ ਇਸ਼ਨਾਨ ਸਭ ਤਿਆਗ ਬੈਠੇ ਸਨ

ਗਿਆਨੀ ਗਿਆਨ ਸਿੰਘ ਜੀ ਇਸ ਤਰਾਂ ਲਿਖਦੇ ਹਨ

ਜਾਗ ਜਿਨਕੇ ਵਡੇਰੇ, ਬਾਣੀ ਪੜ੍ਹਤੇ ਸਵੇਰੇ, ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨਾ ਕਰੈਂ,
ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਖਜਾਤੀ ਪਾਇ ਹੈਨ ਛਾਤੀ, ਮੂਸ ਖਾਤ ਗ੍ਰੰਥ ਕੋ ਪਰੈ
ਜਪੁਜੀ ਨਾ ਰਹਰਾਸ, ਸੁਨੈ ਪੜ੍ਹੇ ਕਬੀ ਖਾਸ, ਔਰ ਜੋ ਪੜ੍ਹਤ ਪਾਸ, ਹਾਸ ਤਿਨ ਸੋਂ ਕਰੈ
ਕਹਾਂ ਰੱਬ ਬਾਹਿਰਾ ਹੈ, ਗਹਿਰਾ ਪੁਕਾਰੈ ਜੋਤੂ, ਸੌਂਗਾਂ ਮੈਂ ਜਾਇ ਲੁਕਮੇ ਰਤਾਇ ਲੈ ਤਰੈ (ਰਟੈ)

Sri Satguru Jagjit Singh Ji Elibrary NamdhariElibrary@gmail.com

ਭਾਵ ਇਹ ਹੈ ਕਿ ਪਹਿਲੇ ਸਿਖ ਅਪਣੇ ਭਜਨ ਬਾਣੀ ਦੇ ਨਿਤ ਨੇਮ ਦੇ ਇੰਨੇ ਪੱਕੇ ਸਨ ਕਿ ਅਪਣਾ ਨਿਤ ਨੇਮ ਕਰਨ ਤੋਂ ਬਿਨਾ ਨਾ ਕੁਝ ਖਾਂਦੇ ਸਨ ਅਤੇ ਨਾ ਕੁਝ ਪੀਂਦੇ ਸਨ ਪਰ ਸਮੇਂ ਦੇ ਬਦਲਣ ਨਾਲ ਹੁਣ ਸਿਖਾਂ ਦੀ ਹਾਲਤ ਇਹ ਹੋ ਗਈ ਹੈ ਕਿ ਜਪੁ ਸਾਹਿਬ ਅਤੇ ਰਹਿਰਾਸ ਦਾ ਪਾਠ ਆਪ ਕਰਨਾ ਤਾਂ ਕਿਤਨੇ ਰਿਹਾ ਸਗੋਂ ਜੇ ਕੋਈ ਕਰਦਾ ਵੀ ਹੈ ਤਾਂ ਉਸਨੂੰ ਮਖੌਲ ਕਰਦੇ ਹਨ ਕਿ ਤੂੰ ਜੋ ਉੱਚੀ ਉੱਚੀ ਪਾਠ ਕਰਦਾ ਹੈਂ ਕੀ ਤੇਰੇ ਭਾਣੇ ਰਬ ਬੋਲਾ ਹੈ ?

ਇਥੇ ਹੀ ਬਸ ਨਹੀਂ

**ਡਾਰੇ ਦਸਤਾਰੇ, ਸਾਫੇ ਧਾਰੇ ਹੈਂ ਸਭੈਰੇ, ਅਛੈ ਕਛੈ ਤਜ ਗਏ, ਧੋਤੀ ਸੁਥੂ ਤੰਗ ਤਨ**
**ਧਾਰੇ ਹੈਂ ਗਰਾਰੇ ਤੰਬੇ, ਤਹਿਮਤ ਅਧਿਕ ਲੰਬੇ, ਜਿਨੇਂ ਦੇਖ ਸਿਖੀ ਗਏ ਕੰਬੇ, ਤੁਰਕ ਗਨ**
**ਸਿੱਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਕੀ, ਅਸਿੱਖੀ ਧਰੀ ਪੇਸ਼ਗੀ, ਛੈਨਾਰ ਬਨ ਛਨ ਕੇ**

ਭਾਵ ਜਿਥੇ ਪਹਿਲੇ ਸਿਖ ਸਿਧੇ ਸਹਣੇ ਦਸਤਾਰੇ ਸਜਾਂਦੇ ਸਨ, ਪੰਜ ਕਕਿਆਂ ਦੇ ਧਾਰਨੀ ਸਨ, ਉਥੇ ਹੁਣ ਵਾਲੇ ਸਿਖਾਂ ਨੇ ਕਛਿਹਰੇ ਤਿਆਗ ਦਿੱਤੇ ਹਨ ਅਤੇ ਧੋਤੀਆਂ, ਤੰਬੇ, ਗਰਾਰੇ ਅਤੇ ਲੰਮੇ ਲੰਮੇ ਤਹਿਮਤ ਬੰਨ੍ਹ ਲੈ ਹਨ। ਇਥੋਂ ਪਤਾ ਲਗਦਾ ਹੈ ਕਿ ਹੁਣ ਵਾਲੇ ਸਿਖਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖਸ਼ੀ ਹੋਈ ਸਿਖੀ ਅਥਵਾ ਗੁਰਮਤ ਨੂੰ ਦੇਸ ਨਿਕਾਲਾ ਦੇ ਦਿੱਤਾ ਹੈ ਅਤੇ ਅਸਿੰਖੀ ਅਥਵਾ ਮਨਮਤ ਦੇ ਧਾਰਨੀ ਹੋ ਗਏ ਹਨ

ਇਸੇ ਤਰ੍ਹਾਂ ਸਿਖ ਖਾਣ ਪੀਣ ਦਾ ਵੀ ਪਰਹੇਜ਼ ਨਹੀਂ ਸਨ ਕਰਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ ਹੋਏ ਹੁਕਮਨਾਮੇ 'ਜ਼ਹਾਂ ਕਹਾਂ ਕਾ ਛਕੈ ਪ੍ਰਸ਼ਾਦਿ
ਸਿਖ ਨਹੀਂ ਮੇਰਾ ਆਦਿ ਜੁਗਾਦਿ'
ਨੂੰ ਬਿਲਕੁਲ ਭੁਲ ਕੇ ਮਾਸ ਖਾਣ ਅਤੇ ਸ਼ਰਾਬ ਪੀਣ ਲਗ ਪਏ ਸਨ

ਇਸ ਤਰ੍ਹਾਂ ਦੀ ਜਦੋਂ ਸਿਖੀ ਦੀ ਹਾਲਤ ਹੋ ਗਈ ਤਾਂ ਅਕਾਲ ਪੁਰਖ ਦੇ ਮਨ ਵਿਚ ਦਯਾ ਆਈ।

## ਪੰਥ ਖਾਲਸਾ ਖੇਤੀ ਮੇਰੀ।
## ਕਰਹੋਂ ਸੰਭਾਲਨ ਮੈਂ ਤਿਸ ਬੇਰੀ।

ਦੀ ਪ੍ਰਤਿਗਯਾ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਿਕਰਮੀ ਸੰਮਤ ੧੯੧੪ ਦੀ ਵੈਸਾਖੀ ਦੇ ਦਿਨ (13 ਅਪਰੈਲ ਸੰਨ 1857) ਸ੍ਰੀ ਭੈਣੀ ਸਾਹਿਬ ਵਿਚ ਖੰਡੇ ਦਾ ਅੰਮ੍ਰਿਤ ਤਿਆਰ ਕਰਕੇ ਪੰਜਾਂ ਸਿਖਾਂ ਨੂੰ ਛਕਾ ਕੇ ਸਿੱਖੀ ਸੁਧਾਰ ਦਾ ਮੁੱਢ ਬੰਨ੍ਹਿਆ ਅਤੇ ਸਫੈਦ ਰੰਗ ਦਾ ਝੰਡਾ ਲਹਿਰਾਇਆ। ਸ੍ਰੀ ਸਤਿਗੁਰੂ ਜੀ ਨੇ ਅਪਣੀ ਅੱਖੀਂ ਸਿਖੀ ਗਾ ਹੋ ਜਾਣ ਦਾ ਦਰਦਨਾਕ ਨਜ਼ਾਰਾ ਵੇਖਿਆ ਸੀ। ਦੇਸ਼ ਦੀ ਗੁਲਾਮੀ ਅਤੇ ਸਿਖ ਧਰਮ ਦ ਹਾਨੀ ਅਨੁਭਵ ਕਰਕੇ ਹੀ ਸੰਤ ਖਾਲਸਾ ਅਥਵਾ ਨਾਮਧਾਰੀ ਪੰਥ ਦੀ ਸਾਜਨਾ ਕੀਤੀ ਸੀ।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਭਈ ਤੋ ਅਕਾਸ਼ ਬਾਨੀ ਖਾਸ ਯੋਂ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ।
ਪੰਥ ਗੁਰੂ ਦਸਮ ਕੀ ਰਸਮ ਬਢਾਵੈ ਜਗਿ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇਕੈ।

Dr Harbhajan Singh's translation in English as follows :-

(1) The Heavens themselves spoke to this great man
(2) Charging him to spread Nam, the giver of enlightment and the wherewithals of life
(3) Spread the faith of the Tenth Master among the people,
4) and make them realise that Khalsa in singularly God's own.

ਭਾਵ ਕਿ ਸ੍ਰੀ ਸਤਿਗੁਰੂ ਰਾਮ ਜੀ ਨੂੰ ਅਕਾਸ਼ ਬਾਨੀ ਹੋਈ ਕਿ ਪਰਚਾਰ ਕਰੋ ਅਤੇ ਜੀਵਾਂ ਨੂੰ ਸਰਬ ਸੁਖਦਾਇਕ ਨਾਮ ਦੀ ਬਖਸ਼ੋ। ਇਸ ਖਾਲਸੇ ਪੰਥ ਦਾ ਡੰਕਾ ਸਾਰੇ ਜਗ ਤੇ ਵਜਾ ਦਿਓ

ਅਗੋਂ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਪਾਇ ਏਹ ਹੁਕਮ ਪ੍ਰਮੇਸ਼ ਕਾ ਬਿਸੇਸ ਫਿਰ, ਰਾਮਸਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ, ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ

ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਜਾਰੀ, ਠੱਗੀ ਤਜਿ ਥੀਏ ਸੰਤ, **ਸਤਿਜੁਗ** ਆ ਗਿਓ

ਭਾਵ ਸ੍ਰੀ ਸਤਿਗੁਰੂ ਜੀ ਨੇ ਲੋਕਾਂ ਨੂੰ ਠੀਕ ਰਾਹੇ ਪਾਉਣ ਲਈ ਪਿੰਡਾਂ ਅਤੇ ਸ਼ਹਿਰਾਂ ਵਿਚ ਦੌਰੇ ਕਰਕੇ ਧਰਮ ਦਾ ਪਰਚਾਰ ਸ਼ੁਰੂ ਕੀਤਾ। ਜਿਥੇ ਵੀ ਜਾਂਦੇ, ਪਹਿਲੋਂ ਸ੍ਰੀ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪਤਾ ਕਰਦੇ, ਜਿਥੋਂ ਦੀ ਦਸ ਪੈਂਦੀ, ਉਥੋਂ ਮੰਗਵਾਉਂਦੇ ਅਪਣੇ ਦਸਤਾਰੇ ਨਾਲ ਸਾਫ ਕਰਦੇ ਫਿਰ ਧਰਮਸਾਲੇ ਦੀ ਸਫਾਈ ਕਰਵਾ ਕੇ ਉਥੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਉਂਦੇ

ਸ੍ਰੀ ਸਤਿਗੁਰੂ ਜੀ ਕਰਾਮਾਤ ਵਿਚ ਕੋਈ ਐਸਾ ਚਮਤਕਾਰ ਸੀ ਕਿ ਜਿਹੜਾ ਵੀ ... ਦਾ ਉਪਦੇਸ਼ ਸੁਣਦਾ ਆਪ ਜੀ ਦਾ ਅਨੁਯਾਈ ਹੋ ਜਾਂਦਾ। ਆਪ ਜੀ ਦੇ ਪਰਚਾਰ ... ਇਹ ਅਸਰ ਹੋਇਆ ਕਿ ਜਿਥੇ ਭੁਲੇ ਭਟਕੇ ਲਖਾਂ ਸਿਖਾਂ ਨੇ ਗੁਰਸਿਖੀ ਮੁੜ ਧਾਰਨ ਕਰ ਲਈ ਉਥੇ ਗੈਰ ਸਿਖ ਧਾਰੀ ਹਿੰਦੂਆਂ ਨੇ ਵੀ ਕੇਸ ਰਖ ਲਏ ਅਤੇ ਅੰਮ੍ਰਿਤ ਛੱਕ ਕੇ ਸਿਖੀ ਧਾਰਨ ਕਰ ਲਈ। ਕਈ ਮੁਸਲਮਾਨ ਵੀ ਸਿਖ ਸਜੇ ਸਨ ਆਪ ਜੀ ਪਰਚਾਰ ਇੰਨਾ ਕਰਾਮਾਤੀ ਪ੍ਰਭਾਵ ਵਾਲਾ ਸੀ ਕਿ ਥੋੜੇ ਹੀ ਸਮੇਂ ਵਿਚ ਲਖਾਂ ਹੀ ਇਸਤਰੀਆਂ ਅਤੇ ਪੁਰਸ਼ਾਂ ਨੇ ਭਜਨ ਪੁਛ ਅਤੇ ਅੰਮ੍ਰਿਤ ਛਕ ਕੇ ਸਿਖੀ ਮੰਡਲ ਵਿਚ ਪ੍ਰਵੇਸ਼ ਕਰ ਲਿਆ।

ਇਕ ਗੈਰ ਨਾਮਧਾਰੀ ਇਤਿਹਾਸਕਾਰ, ਜਲੰਧਰ ਦਾ ਰਹਿਣ ਵਾਲਾ, ਮੌਲਵੀ ਗੁਲਾਮ ਰੀਖ ਸ੍ਰੀ ਸਤਿਗੁਰੂ ਜੀ ਦਾ ਨਾਮ ਸੁਣ ਆਪ ਸ੍ਰੀ ਭੈਣੀ ਸਾਹਿਬ ਗਿਆ। ਉਹਨੇ ਆਪਣੀ ਅਖੀਂ ਡਿਠਾ ਹਾਲ ਆਪਣੀ ਲਿਖੀ ਹੋਈ ਕਿਤਾਬ ਤਾਰੀਖ ਦੁਆਬਾ ਵਿਚ ਇਸ ਤਰਾਂ ਲਿਖਿਆ :-

میں خود بھینی گیا اور دیکھا کوکیوں نے جو طریقہ اختیار کیا ہے وہ اور کچھ نہیں
وہ اصل مذہب سکھوں کا ہی ہے - اور آپ نے انہوں نے دوبارہ رونق دی ہے
میلان اُن کی طبیعت کا اصلی طرح سکھ مذہب کی جانب ہے -
نانک شاہ کی طرح رام سنگھ بھی ہر قوم اور ہر ذات کے آدمی کو اپنے مذہب
اور فرقے میں ملا لیتا ہے - مسلمانوں کو بھی کوکا کر لیتا ہے
گورو گوبند سنگھ کو اپنا دیوتا مانتے ہیں - ہر قسم کی برائی کو گناہ جانتے ہیں
چوری - زناہ کاری - شراب خوری - گوشت اور جھوٹ اُن کو قطعی منع ہے -
اِن لوگوں کے بڑے گروہ کو دیکھ کر معلوم ہوتا ہے کہ اس جدید فرقے کی بڑی
جلد ترقی ہوئی ہے - گاؤں کے گاؤں کوکے ہو گئے ہیں
جب کہ گورو کو کوئی نیا گشتی حکم جاری کرنا منظور ہوتا ہے . وہ لکھ کر ایک
کوکے کو دے دیتا ہے - وہ اُس حکم کو لے کر جتنا اُس سے دوڑا جاتا ہے
جبر کرتا ہوا دوڑتا ہے - اور فرمانبرداری اپنے گورو کی اپنے اوپر فرض جانتا ہے
جب وہ تھک کر چلنے کے قابل نہیں رہتا کسی دوسرے کوکے کو دے دیتا ہے
جب وہ بھی دوڑتا لوگوں کو اس گشتی حکم سے مطلع کرتا ہوا تھک جاتا ہے
تو وہ بھی کسی دوسرے کوکے کو دے دیتا ہے - وہ بھی اِسی طرح عمل کرتا ہے

ਭਾਵ ਇਹ ਹੈ ਕਿ ਮੌਲਵੀ ਗੁਲਾਮ ਰੀਖ ਸਤਿਗੁਰੂ ਜੀ ਦੀ ਪ੍ਰਸਿਧੀ ਸੁਣ ਕੇ ਆਪ ਭੈਣੀ (ਸਾਹਿਬ) ਗਿਆ ਉਥੇ ਜੋ ਕੁਝ ਵੇਖਿਆ ਉਸਨੇ ਕਿਤਾਬ ਤਾਰੀਖ ਦੁਆਬਾ ਵਿਚ ਲਿਖ ਦਿੱਤਾ ਉਸ ਕਿਤਾਬ ਵਿਚ ਲਿਖਿਆ ਹੈ ਕਿ :-

ਮੈਂ ਖੁਦ ਭੈਣੀ ਗਿਆ ਔਰ ਦੇਖਾ ਕੂਕਿਓਂ ਨੇ ਜੋ ਤਰੀਕਾ ਅਖਤਿਆਰ ਕੀਆ ਹੈ ਵੋਹ ਔਰ ਕੁਛ ਨਹੀਂ ਹੈ। ਵੋਹ ਅਸਲ ਮਜ਼ਹਬ ਸਿੱਖੋਂ ਕਾ ਹੀ ਹੈ, ਔਰ ਉਸੇ ਉਨ੍ਹੋਂ

ਨੇ ਦੁਬਾਰਾ ਰੌਣਕ ਦੀ ਹੈ । ਮੈਲਾਨ ਉਨ ਕੀ ਤਬੀਅਤ ਕਾ ਅਸਲੀ ਰੁਖ ਸਿੱਖ ਮਜ਼ਹਬ ਕੀ ਜਾਨਬ ਹੈ

(ਗੁਰੂ) ਨਾਨਕ ਸ਼ਾਹ ਕੀ ਤਰਹ (ਗੁਰੂ) ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੇ ਆਦਮੀ ਕੋ ਆਪਣੇ ਮਜ਼ਹਬ ਵ ਫਿਰਕੇ ਮੇਂ ਮਿਲਾ ਲੇਤਾ ਹੈ । ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ ।

ਗੁਰੂ ਗੋਬਿੰਦ ਸਿੰਘ ਕੋ ਆਪਣਾ ਦੇਵਤਾ ਮਾਨਤੇ ਹੈਂ । ਹਰ ਕਿਸਮ ਕੀ ਬੁਰਾਈ ਕੋ ਗੁਨਾਹ ਜਾਨਤੇ ਹੈਂ । ਚੋਰੀ, ਜ਼ਨਾਹਕਾਰੀ, ਸ਼ਰਾਬ ਖੋਰੀ ਗੋਸ਼ਤ ਔਰ ਝੂਠ ਉਨ ਕੋ ਕਤਈ ਮਨਾ ਹੈ ।

ਇਨ ਲੋਗੋਂ ਕੇ ਬੜੇ ਗਰੋਹ ਕੋ ਦੇਖ ਕੇ ਮਾਲੂਮ ਹੋਤਾ ਹੈ ਕਿ ਇਸ ਜਦੀਦ ਫਿਰਕੇ ਕੀ ਬੜੀ ਜਲਦ ਤਰੱਕੀ ਹੁਈ ਹੈ ਗਾਉਂ ਕੇ ਗਾਉਂ ਕੂਕੇ ਹੋ ਗਏ

ਜਬ ਕਿ ਗੁਰੂ ਕੋ ਕੋਈ ਨਯਾ ਗਸ਼ਤੀ ਹੁਕਮ ਜਾਰੀ ਕਰਨਾ ਮਨਜ਼ੂਰ ਹੋਤਾ ਹੈ, ਤੋ ਵਹ ਲਿਖ ਕਰ ਏਕ ਕੂਕੇ ਕੋ ਦੇ ਦੇਤਾ ਹੈ । ਵਹ ਉਸ ਹੁਕਮ ਕੋ ਲੇਕਰ ਜਿਤਨਾ ਉਸ ਸੇ ਦੌੜਾ ਜਾਤਾ ਹੈ, ਖਬਰ ਕਰਤਾ ਹੂਆ ਦੌੜਤਾ ਹੈ ਔਰ ਫਰਮਾਬਰਦਾਰੀ ਗੁਰੂ ਕੀ ਅਪਨੇ ਊਪਰ ਫ਼ਰਜ਼ ਜਾਨਤਾ ਹੈ
ਜਬ ਵਹ ਥਕ ਕਰ ਚਲਨੇ ਕੇ ਕਾਬਲ ਨਹੀਂ ਰਹਿਤਾ ਕਿਸੀ ਦੂਸਰੇ ਕੂਕੇ ਕੋ ਦੇ ਦੇਤਾ" ਜਬ ਵਹ ਭੀ ਦੌੜਤਾ ਕੂਕਾਉਂ ਕੋ ਉਸ ਗਸ਼ਤੀ ਹੁਕਮ ਸੇ ਮੁਤਲਅ ਕਰਤਾ ਹੂਆ ਥਕ ਜਾਤਾ ਹੈ ਤੋ ਵਹ ਭੀ ਕਿਸੀ ਦੂਸਰੇ ਕੂਕੇ ਕੋ ਦੇ ਦੇਤਾ ਹੈ । ਵਹ ਭੀ ਇਸੀ ਤਰਾਂ ਅਮਲ ਕਰਤਾ ਹੈ

ਇਸੇ ਤਰਾਂ ਪੰਜਾਬੀ ਦੇ ਨਿਰਪੱਖ ਅਤੇ ਪ੍ਰਸਿਧ ਲਿਖਾਰੀ ਸ੍ਰ. ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ਵਾਲੇ ਇਕ ਲੇਖ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਇਸ ਤਰ੍ਹਾਂ ਲਿਖਦੇ ਹਨ

## ਉਨ੍ਹਾਂ ਦੀ ਸ਼ਖਸੀਅਤ ਵਿਚ ਇਹੋ ਜਿਹਾ ਚਮਤਕਾਰ ਸੀ ਕਿ ਉਨ੍ਹਾਂ ਦੇ ਸ਼ਬਦਾਂ ਉਤੇ ਕੋਈ ਦੁਨੀਆਂ ਪਲਟਦੀ ਦਿਸਦੀ ਸੀ

ਮੇਰੇ ਲਿਖਣ ਦਾ ਭਾਵ ਹੈ ਕਿ ਜਿਥੇ ਪਹਿਲਾਂ ਸਿਰਫ ਥੋੜੀ ਸਿੱਖ ਹੀ ਸਤਿਗੁਰੂ ਜੀ ਨੇ ਪ੍ਰਵਾਨ ਕੀਤੇ ਸਨ ਉਥੇ ਹੁਣ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਲਖਾਂ ਹੀ ਨਾਮਧਾਰੀ ਸਿੱਖ ਹੋ ਗਏ ਸਨ । ਇਹ ਸਿਖ ਕੱਚੇ-ਪਿੱਲੇ ਨਹੀਂ ਸਨ ਅਤੇ ਨ ਹੀ ਇਹ ਕੋਈ ਜਾਸੂਸ ਸਨ ਸਗੋਂ ਇਨ੍ਹਾਂ ਬਾਰੇ ਇਕ ਗੈਰ ਨਾਮਧਾਰੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਇਸ ਤਰਾਂ ਲਿਖਦੇ ਹਨ

ਹਮਨ ਕਰੈ ਹੈਂ, ਭੋਗ ਗ੍ਰੰਥ ਜੀ ਕੇ ਪੈਹੈਂ ਬਹੁ
ਸੰਗਤੇਂ ਕੇ ਕੱਠ ਥੈ ਹੈ, ਰੈ ਹੈ ਰਚਨਾ ਲਗੀ ।
ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੇ
ਵਾਹਿਗੁਰੂ ਨਾਮ ਮਾਂਹਿ, ਰਾਖੈਂ ਰਸਨਾ ਪਗੀ ।
ਰਾਖ ਹੈਂ ਪੁਸ਼ਾਕ ਪਾਕ, ਸ਼ੁਕਲ ਊਰਨ ਮਾਲ
ਕੱਛ ਕੜਾ ਕ੍ਰਦ, ਮਰਦ ਨਾਰਿ ਸਭ ਜੇਤਗੀ ।
ਬਿਨਾ ਨਾਮਧਾਰੀ ਅੰਨ ਜਲ ਰੋਟੀ ਬੇਟੀ ਵਾਰੀ
ਸਾਂਝ ਰਾਖਹੈ ਨਾ ਕਾਹੂੰ ਸੰਗ ਜਗ ਮੈਂ ਸਗੀ ।

ਨਾਮਧਾਰੀ ਸਿਖ ਗੁਰਮਤ ਅਨੁਸਾਰ ਹੋਵਨ ਕਰਦੇ ਸਨ, ਸ੍ਰੀ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਦੇ ਸਨ । ਇਸਤਰਾਂ ਸੰਗਤਾਂ ਦਾ ਮੇਲਾ ਲਗਾ ਰਹਿੰਦਾ ਸੀ । ਅੰਮ੍ਰਿਤ ਵੇਲੇ ਸਣੇ ਕੇਸੀ ਇਸ਼ਨਾਨ ਕਰਦੇ ਸਨ ਹਰ ਵਕਤ ਰਸਨਾ ਹਿਲਾ ਕੇ ਭਜਨ ਕਰਦੇ ਰਹਿੰਦੇ ਸਨ । ਸਿਧੇ ਦਸਤਾਰ ਸਜਾਂਦੇ ਸਨ ਦਾੜੇ ਖੁਲੇ ਰਖਦੇ ਸਨ, ਸਫੈਦ ਸੁਥਰੇ ਕਪੜੇ ਪਹਿਣਦੇ ਸਨ, ਗਲ ਵਿਚ ਸਿਰਫ ਉਨ ਦੀ ਬਣੀ ਹੋਈ ਸਫੈਦ ਮਾਲਾ ਰਖਦੇ ਸਨ ਅਤੇ ਸਭ ਇਸਤ੍ਰੀਆਂ ਪੁਰਖ ਪੰਜ ਕਕਾਰ ਦੇ ਧਾਰਨੀ ਸਨ । ਨਾਮਧਾਰੀਆਂ ਤੋਂ ਬਿਨਾ ਕਿਸੇ ਦੇ ਘਰ ਦਾ ਨਾ ਖਾਂਦੇ ਸਨ ਨਾਂ ਪੀਂਦੇ ਸਨ ਅਤੇ ਬਿਨਾਂ ਨਾਮਧਾਰੀਆਂ ਤੋਂ ਅਪਣੇ ਪੁਤ੍ਰਾਂ ਧੀਆਂ ਦੇ ਰਿਸ਼ਤੇ ਨਹੀਂ ਸਨ ਕਰਦੇ ਅਤੇ ਨੇੜੇ ਦੇ ਰਿਸ਼ਤੇ ਵੀ ਨਹੀਂ ਸਨ ਕਰਦੇ

ਟੇਵ- ਥਾਨ ਤੀਰਥ ਪੁਰਾਨ ਸਾਧੁ ਬਿਪਰੋਂ ਕੋ
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ
ਮਰਣੇ ਔਰ ਪਰਣੇ ਮੈ ਬਿੱਪਰੈਂ ਬੁਲਾਵੈਂ ਨਾਂਹਿ
ਆਨੰਦ ਪੜ੍ਹਾਵੈਂ ਰੀਤਿ ਗੁਰੂ ਘਰ ਕੀ ਲਬੀ

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਸਿਖ ਕਿਸੇ ਮੰਦਰ, ਤੀਰਥ, ਗ੍ਰੰਥ, ਪੁਰਾਨ ਸ਼ਾਸਤ੍ਰ ਜਾਂ ਵੇਦ ਦੀ ਪੂਜਾ ਨਹੀ ਕਰਦੇ, ਨਾ ਹੀ ਬ੍ਰਾਹਮਣਾਂ, ਭੇਖੀ ਸਾਧੂਆਂ ਅਥਵਾ ਪਾਖੰਡੀਆਂ ਨੂੰ ਦਾਨ ਪੁੰਨ ਕਰਨਾ ਜ਼ਰੂਰੀ ਸਮਝਦੇ ਹਨ। ਮਿਰਤਕ ਸਰੀਰ ਦੇ ਸਸਕਾਰ ਵਾਸਤੇ ਜਾਂ ਵਿਆਹ ਤੇ ਬ੍ਰਾਹਮਣਾਂ ਨੂੰ ਨਹੀ ਸੱਦਦੇ। ਅਪਣੇ ਖੁਸ਼ੀ ਗ਼ਮੀ ਦੇ ਸਾਰੇ ਸਮਾਗਮ ਗੁਰਮਤ ਅਨੁਸਾਰ ਕਰਦੇ ਹਨ। ਨਾਮਧਾਰੀਆਂ ਦੇ ਸੱਚ ਬੋਲਣ ਦੀ ਗਵਾਹੀ ਤਾਂ ਅੰਗਰੇਜ਼ ਹਾਕਮ ਵੀ ਦਿੰਦੇ ਸਨ।

ਉਪਰ ਦੱਸੇ ਹੋਏ ਦੈਵੀ ਗੁਣਾਂ ਨੂੰ ਵੇਖਕੇ ਹੀ ਗਿਆਨੀ ਗਿਆਨ ਸਿੰਘ ਜੀ ਇਹ ਲਿਖਦੇ ਹਨ

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ, ਸਤਿਜੁਗ ਆ ਗਿਓ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖੇ

**ਕਲਿਜੁਗ ਮੈਂ ਸਤਿਜੁਗ ਵਰਤਾਊਂ**
**ਤਬੀ ਬਾਰਵਾਂ ਬਚ ਕਹਾਊਂ**

ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਲਿਜੁਗ ਵਿਚ ਸਤਿਜੁਗ ਲਾਇਆ। ਸ਼ਾਇਦ ਇਸੇ ਕਾਰਣ ਕਈ ਇਤਿਹਾਸ ਕਾਰ ਸਤਿਗੁਰ ਜੀ ਨੂੰ

**ਜੁਗ ਪਲਟਾਊ ਸਤਿਗੁਰੂ**

ਜੀ ਦੇ ਨਾਮ ਨਾਲ ਸਤਿਕਾਰਦੇ ਹਨ

ਹੁਣ ਸਤਿਗੁਰੂ ਜੀ ਦਾ ਤੇਜ ਪ੍ਰਤਾਪ ਸਾਰੇ ਦੇਸ਼ ਵਿਚ ਫੈਲਣ ਲਗ ਪੀਆ। ਦੂਰੋਂ ਦੂਰੋਂ ਲੋਕ ਦਰਸ਼ਨ ਕਰਨ ਵਾਸਤੇ ਆਉਣ ਲਗ ਪਏ। ਜੋਜੋ ਵੀ ਕੋਈ ਇੱਛਾ ਧਾਰਕੇ ਆਉਂਦਾ ਉਸ ਦੀ ਪੂਰੀ ਹੋ ਜਾਂਦੀ। ਫਿਰ ਉਹ ਸਿਖ ਸੱਜ ਜਾਂਦਾ। ਥੋੜ੍ਹੇ ਹੀ ਸਮੇਂ ਵਿਚ ਲਖਾਂ ਹੀ ਇਸਤਰੀਆਂ ਅਤੇ ਪੁਰਖ ਨਾਮਧਾਰੀ ਸੱਜ ਗਏ

ਦੇਸਨ ਮੈਂ ਧੁੰਮ ਮਾਚੀ ਸਾਰੀ ਇਮ ਤਾਂਹਿ ਤਬ
ਆਵੈਂ ਲੋਕ ਸਿਖ ਥਾਵੈਂ ਅਜ਼ਮਾਵੈਂ ਤੇਸ ਹੀ

ਅਥਵਾ

ਰਾਮ ਸਿੰਘ ਜਾਇ ਜਿਤ, ਸਿਖ ਹ੍ਵੈ ਹਜ਼ਾਰੋ ਤਿਤ
ਭੇਟ ਦੈਹੈਂ ਪੀਨ ਧਨ, ਦੀਨ ਬੋਲ ਬੈਨ ਹੈ

(ਪੀਨ = ਬਹੁਤ; ਦੀਨ ਬੋਲ = ਅਧੀਨਗੀ ਨਾਲ ਅਰਜ਼ਾਂ ਕਰਦੇ ਹਨ)

*Whichever place Ram Singh visited, Thousand came into his fold. They addressed him with deep humility and made handsome offerings in Cash.*

ਭਾਵ ਸ੍ਰੀ ਸਤਿਗੁਰੂ ਜੀ ਜਿਥੇ ਵੀ ਜਾਂਦੇ, ਹਜ਼ਾਰਾਂ ਹੀ ਨਵੇਂ ਸਿਖ ਸਜ ਜਾਂਦੇ

ਸ੍ਰੀ ਸਤਿਗੁਰੂ ਜੀ ਨੂੰ ਇਸ ਆਨੰਦ ਕਾਰਜ ਦੀ ਮਰਿਆਦਾ ਸ਼ੁਰੂ ਕਰਨ ਵਾਸਤੇ ਭਾਵੇਂ ਕਈ ਤਕਲੀਫਾਂ ਦਾ ਸਾਮ੍ਹਣਾ ਕਰਨਾ ਪਇਆ ਪਰ ਉਹ ਆਪਣੇ ਇਰਾਦੇ ਤੇ ਡਟੇ ਰਹੇ । ਉਨ੍ਹਾਂ ਸੱਚ ਨੂੰ ਅੱਗੇ ਲਿਆਉਣ ਵਾਸਤੇ ਅਤੇ ਪਾਖੰਡ ਨੂੰ ਰੋਕਣ ਵਾਸਤੇ ਨਾ ਸਰਕਾਰ ਦੀ ਪਰਵਾਹ ਕੀਤੀ ਅਤੇ ਨਾ ਹੀ ਬ੍ਰਾਹਮਣਾਂ ਦੀਆਂ ਧਮਕਦੀਆਂ ਦੀ । ਉਹ ਜਾਣਦੇ ਸਨ ਕਿ ਇਹ ਜਾਤ ਅਭਿਮਾਨੀ ਬ੍ਰਾਹਮਣ ਸਿਰਫ ਆਪਣੇ ਲਾਲਚ ਵਾਸਤੇ ਹੀ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਪਾਖੰਡ ਕਰਦੇ ਫਿਰਦੇ ਹਨ । ਜਦੋਂ ਇਨ੍ਹਾਂ ਦੇ ਪਾਖੰਡ ਦਾ ਪਾਜ ਖੁਲ੍ਹਦਾ ਹੈ ਤਾਂ ਇਨ੍ਹਾਂ ਨੂੰ ਚੁਭਦਾ ਹੈ

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ

ਮਰਣੇ ਔਰ ਪਰਣੇ ਮੈਂ ਬਿੱਪਰੈਂ ਬੁਲਾਵੈਂ ਨਾਂਹਿ ।
ਆਨੰਦ ਪੜ੍ਹਾਵੈਂ ਰੀਤਿ ਗੁਰੂ ਘਰ ਕੀ ਲਭੀ ।
ਰਾਮ ਸਿੰਘ ਜੀ ਕੋ ਸਤਿਗੁਰੂ ਅਵਤਾਰ ਪੀਰ ਜਾਨੈ ।
ਜੋ ਬਖਾਨੈਂ ਵਹਿ, ਸੋਊ ਮਾਨ ਹੈਂ ਸਭੀ ।

ਸਿਖ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਅਕਾਲ ਪੁਰਖ ਕਰ ਕੇ ਮੰਨਦੇ ਸਨ (ਹਨ) ਅਤੇ ਉਨ੍ਹਾਂ ਦੇ ਹੁਕਮ ਨੂੰ ਦਰਗਾਹੀ ਹੁਕਮ ਕਰਕੇ ਮੰਨਦੇ ਸਨ (ਹਨ) । ਉਨ੍ਹਾਂ ਜਦੋਂ ਬ੍ਰਾਹਮਣਾਂ ਦੀ ਕੁਟਲ ਨੀਤੀ ਵੇਖੀ ਤਾਂ ਇਨ੍ਹਾਂ ਦਾ ਖਹਿੜਾ ਹੀ ਛੱਡ ਦਿੱਤਾ ਅਤੇ ਮਰਨੇ ਪਰਨੇ ਵਿਆਹ ਸ਼ਾਦੀਆਂ ਦੇ ਸਾਰੇ ਕੰਮ ਗੁਰਮਤ ਅਨੁਸਾਰ ਆਪ ਹੀ ਕਰਨ ਲਗ ਪਏ

ਸ੍ਰੀ ਸਤਿਗੁਰੂ ਜੀ ਨੇ ਜਦੋਂ ਪਾਖੰਡ ਰਹਿਤ ਸਿਖੀ ਪਰਚਾਰ ਅਤੇ ਸਮਾਜ ਸੁਧਾਰ ਦਾ ਕੰਮ ਸ਼ੁਰੂ ਕੀਤਾ ਤਾਂ ਲਖਾਂ ਹੀ ਇਸਤਰੀ ਪੁਰਖ ਆਪ ਜੀ ਦੇ ਸਿਖ ਸਜ ਗਏ

ਦੇਸਨ ਮੈਂ ਧੂੰਮ ਮਾਚੀ ਸਾਰੀ ਇਸ ਤਾਂਹਿ ਤਬਿ
ਆਵੈਂ ਲੋਕ ਸਿਖ ਥਾਵੈਂ ਅਜ਼ਮਾਵੈਂ ਤੈਸ ਹੀ
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ
ਥੀਏ ਸਿਖ ਬੇਸ਼ੁਮਾਰ ਤੀਨ ਲਾਖ ਐਸ ਹੀ
} ਗਿਆਨੀ ਗਿਆਨ ਸਿੰਘ ਜੀ

ਭਾਵ ਸਤਿਗੁਰੂ ਜੀ ਦਾ ਤੇਜ ਪ੍ਰਤਾਪ ਸਾਰੇ ਦੇਸ਼ ਵਿਚ ਫੈਲਣ ਲਗ ਪਇਆ ਦੂਰੋਂ ਦੂਰੋਂ ਲੋਕ ਦਰਸ਼ਨ ਕਰਨ ਵਾਸਤੇ ਆਉਣ ਲਗ ਪਏ । ਜੋ ਜੋ ਵੀ ਕੋਈ ਇੱਛਾ ਧਾਰ ਕੇ ਆਉਂਦਾ ਉਸਦੀ ਪੂਰੀ ਹੋ ਜਾਂਦੀ । ਫਿਰ ਉਹ ਸਿਖ ਸੱਜ ਜਾਂਦਾ । ਮਾਲਵੇ ਦੁਆਬੇ ਮਾਝੇ ਅਤੇ ਪੋਠੋਹਾਰ ਅਥਵਾ ਸਾਰੇ ਦੇਸ਼ ਵਿਚੋਂ ਲੋਕ ਆਉਣ ਲੱਗੇ । ਥੋੜੇ ਹੀ ਸਮੇਂ ਵਿਚ ਲਖਾਂ ਹੀ ਇਸਤਰੀਆਂ ਅਤੇ ਪੁਰਖ ਨਾਮਧਾਰੀ ਸੱਜ ਗਏ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਭਾਵੇਂ ਜੂਹ ਬੰਦ ਸਨ ਪਰ ਅਪਣੇ ਪਰੋਗ੍ਰਾਮ ਨੂੰ ਚਾਲੂ ਰਖਿਆ। ਪਰਚਾਰ ਜਾਰੀ ਰਖਣ ਲਈ ਸਤਿਗੁਰੂ ਜੀ ਨੇ ਪੰਜ ਸੂਬੇ ਨਿਯੁਕਤ ਕੀਤੇ ਜੋ ਥਾਂ ਥਾਂ ਤੇ ਜਾ ਕੇ ਨਾਮਧਾਰੀ ਪਰਚਾਰ ਕਰਦੇ ਸਨ। ਸਰਕਾਰ ਨੇ ਪਤਾ ਲਗਣ ਤੇ ਇਨ੍ਹਾਂ ਪੰਜਾਂ ਸੂਬਿਆਂ ਨੂੰ ਵੀ ਨਜ਼ਰ ਬੰਦ ਕਰ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਸਤਾਰਾਂ (੧੭) ਸੂਬੇ ਹੋਰ ਥਾਪੇ। ਸਰਕਾਰ ਨੇ ਇਨ੍ਹਾਂ ਸਤਾਰਾਂ ਸੂਬਿਆਂ ਨੂੰ ਵੀ ਨਜ਼ਰ ਬੰਦ ਕਰ ਦਿੱਤਾ ਪਾਬੰਦੀ ਦੇ ਹੁੰਦਿਆਂ ਵੀ ਇਹ ਸੂਬੇ ਪਰਚਾਰ ਦਾ ਕੰਮ ਕਰਦੇ ਹੀ ਰਹੇ

## ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈ ਉਨ ਕੀ ਜ਼ੁਬਾਨ ਮੈਂ ਤਸੀਰ ਬਾਈ ਵੈਸ ਹੀ

ਭਾਵ ਸ੍ਰੀ ਸਤਿਗੁਰੂ ਜੀ ਨੇ ਭਾਰਤਵਰਸ਼ ਪੁਰਾਣੇ ਬਾਦਸ਼ਾਹ ਅਕਬਰ ਵਾਂਗੂ ਬਾਈ (੨੨) ਸੂਬੇ ਨਿਯੁਕਤ ਕੀਤੇ ਜਿਹੜੇ ਕਿ ਅਪਣੇ ਅਪਣੇ ਖੇਤਰ ਵਿਚ ਗੁਰਸਿਖੀ ਦਾ ਪਰਚਾਰ ਕਰਦੇ ਸਨ। ਉਨ੍ਹਾਂ ਦੇ ਪਰਚਾਰ ਦਾ ਅਥਵਾ ਭਜਨ ਦੇਣ ਦਾ ਅਸਰ ਵੀ ਉਤਨਾ ਹੀ ਹੁੰਦਾ ਸੀ ਜਿਤਨਾ ਕਿ ਸਤਿਗੁਰੂ ਜੀ ਦਾ

ਇਕ ਵੇਰ ਅੰਬਾਲੇ ਦਾ ਕਮਿਸ਼ਨਰ ਸ੍ਰੀ ਤੈਣੀ ਸਾਹਿਬ ਆਇਆ ਸੀ। ਗਲਾਂ ਬਾਤਾਂ ਕਰਦਿਆਂ ਉਹਨੇ ਸਤਿਗੁਰੂ ਜੀ ਤੋਂ ਪੁਛਿਆ ਸੀ ਕਿ "ਬਾਬਾ ਸਾਹਿਬ, ਅਬ ਤੋ ਆਪ ਕੀ ਤਹਿਰੀਕ ਮਹਿਦੂਦ ਹੋ ਜਾਏਗੀ, ਅਬ ਆਪ ਕਿਆ ਕਰੇਂ ਗੇ" ਸ੍ਰੀ ਸਤਿਗੁਰੂ ਜੀ ਨੂੰ ਪਤਾ ਸੀ ਕਿ ਇਹ ਅੰਬਾਲੇ ਦਾ ਕਮਿਸ਼ਨਰ ਹੈ ਉਹ ਡਰੇ ਨਹੀਂ ਸਨ ਸਗੋਂ ਨਿਰਭੈਤਾ ਨਾਲ ਉੱਤਰ ਦਿਤਾ ਸੀ :-

## "ਜਾ ਉਇ ਖਿਨਿਆ, ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ, ਇੱਕ ਹਲਵਾਹ (ਹਲਵਾਹਕ) ਭੀ ਦੂਜੇ ਨੂੰ ਭਜਨ ਦੇਵੇਗਾ ਤਾਂ ਉਸ ਦਾ ਅਸਰ ਵੀ ਉੱਨਾ ਹੀ ਹੋਵੇਗਾ ਜਿੰਨਾ ਕਿ ਮੇਰਾ"

ਹੁਣ ਤਕ ਤਾਂ ਪਰਚਾਰ ਬਹੁਤਾ ਸਖਸੀ ਚਰਿਤ੍ਰ ਸੁਧਾਰ ਅਤੇ ਸਮਾਜ ਸੁਧਾਰ ਦਾ ਹੁੰਦਾ ਸੀ ਪਰ ਜਦੋਂ ਬ੍ਰਾਹਮਣਾਂ, ਪੁਜਾਰੀਆਂ ਨੰਬਰਦਾਰਾਂ ਅਤੇ ਜੈਲਦਾਰਾਂ ਦੀਆਂ ਝੂਠੀਆਂ ਰਿਪੋਰਟਾਂ ਦੇ ਅਧਾਰ ਤੇ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਨਜ਼ਰ ਬੰਦ ਕੀਤਾ ਗਿਆ ਸੀ ਤਾਂ ਹੁਣ ਸਮਾਜ ਸੁਧਾਰ ਪਰਚਾਰ ਦੇ ਨਾਲ ਸਰਕਾਰ ਦੇ ਬਰਖਿਲਾਫ ਵੀ ਪਰਚਾਰ ਸ਼ੁਰੂ ਹੋ ਗਿਆ ਸੀ

ਸਭ ਤੋਂ ਪਹਿਲਾਂ ਆਪਣੀ ਡਾਕ ਦਾ ਪ੍ਰਬੰਧ ਕੀਤਾ। ਆਪਣੇ ਮਿੱਥੇ ਹੋਏ ਟੀਚਿਆਂ ਦੀ ਕਿਸੇ ਨੂੰ ਭਿਣਕ ਤੱਕ ਨ ਦੇਣ ਤੋਂ ਬਿਨਾ ਆਪਣੀ ਮਿੱਥੀ ਹੋਈ ਮੰਜ਼ਲ ਤੇ ਪਹੁੰਚਣ ਲਈ ਇਹ ਜ਼ਰੂਰੀ ਸੀ ਕਿ ਡਾਕ ਦਾ ਪ੍ਰਬੰਧ ਖੁਫੀਆ ਹੋਵੇ। ਸਤਿਗੁਰੂ ਜੀ ਦਾ ਇਹ ਕਦਮ ਇੰਨਾ ਸਫਲ ਰਿਹਾ ਕਿ ਅੰਗਰੇਜ਼ ਦੀ ਤੇਜ਼ ਸੀ ਆਈ ਡੀ (CID) ਵੀ ਉਸ ਦੀ ਕੋਈ ਸੂਹ ਨ ਕਢ ਸਕੀ। ਨਾਮਧਾਰੀਆਂ ਦੇ ਡਾਕ ਪ੍ਰਬੰਧ ਬਾਰੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਮੇਜਰ ਪਰਕਿਨਜ਼ ਲਿਖਦਾ ਹੈ :- " ਕੂਕਿਆਂ ਜਾਂ ਸੰਤ ਖਾਲਸਿਆਂ ਦਾ ਆਪਸ ਦੀ ਡਾਕ ਦਾ ਆਪਣਾ ਹੀ ਨਿੱਜੀ ਪ੍ਰਬੰਧ ਹੈ ਜੋ ਬਹੁਤ ਹੀ ਸਲਾਹਿਆ ਯੋਗ ਯੁਕਤੀ ਨਾਲ ਸੰਗਠਤ ਕੀਤੀ ਹੋਇਆ ਹੈ --- ਇਕ ਪਿੰਡ ਵਾਲਾ ਕੂਕਾ ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿੱਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ ਇਕ ਦਮ ਸਭ ਕੰਮ ਕਾਰ ਛੱਡ ਕੇ ਦੂਸਰੇ ਨਿਯਤ ਹਰਕਾਰੇ ਵਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਜੇ ਰੋਟੀ ਖਾਂਦਾ ਹੋਵੇ ਤਦ ਦੂਜੀ ਗਰਾਹੀ ਨਹੀਂ ਪਾਉਂਦਾ ਨਾ ਹੀ ਪਹਿਲੇ ਹਰਕਾਰੇ ਤੋਂ ਕੋਈ ਸੁਆਲ ਪੁਛਦਾ ਹੈ। ਜ਼ਰੂਰੀ ਗੱਲਾਂ ਕਾਗਜ਼ ਤੇ ਲਿਖ ਕੇ, ਚਿੱਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ ਰਾਹੀਂ ਜ਼ਬਾਨੀ ਭੇਜੀਆਂ ਜਾਂਦੀਆਂ ਹਨ। ਇਨ੍ਹਾਂ ਚਿੱਠੀਆਂ ਪੱਤਰਾਂ ਨੂੰ ਲਿਆਵਣ ਜਾਂ ਲੈ ਜਾਵਣ ਲਈ ਕੂਕੇ ਜਰਨੈਲੀ ਸੜਕ ਨਹੀਂ ਵਰਤਦੇ ਸਗੋਂ ਆਪਣੇ ਮਿੱਥੇ ਹੋਏ ਰਾਹੀਂ ਜਾਂਦੇ ਹਨ "

**ਇਹ ਆਪਣਾ ਡਾਕ ਪ੍ਰਬੰਧ ਨਾਮਧਾਰੀਆਂ ਦਾ ਸਰਕਾਰ ਨਾਲ ਪਹਿਲਾ ਬਾਈਕਾਟ ਸੀ।**

ਅੰਗਰੇਜ਼ ਭਾਰਤ ਵਿਚੋਂ ਕਪਾਹ (Cotton) ਸਸਤੀ ਖਰੀਦ ਕੇ ਇੰਗਲੈਂਡ ਲੈ ਜਾਂਦੇ ਸਨ। ਉਥੋਂ ਮਸ਼ੀਨਾਂ ਰਾਹੀਂ ਕਪੜਾ ਬਣਾ ਕੇ ਫਿਰ ਭਾਰਤ ਵਿਚ ਲਿਆ ਕੇ ਬਹੁਤ ਮਹਿੰਗਾ ਵੇਚਦੇ ਸਨ। ਇਸ ਤਰਾਂ ਕਰਨ ਨਾਲ ਭਾਰਤ ਵਿਚ ਜੁਲਾਹਿਆਂ ਦਾ ਕੰਮ ਘਟ ਗਿਆ ਸੀ ਅਤੇ ਇੰਗਲੈਂਡ ਵਿਚ ਮਜ਼ਦੂਰਾਂ ਨੂੰ ਕੰਮ ਮਿਲ ਗਿਆ ਸੀ। ਦੂਰ ਅੰਦੇਸ਼ੀ ਸਤਿਗੁਰੂ ਜੀ ਨੇ ਅੰਗਰੇਜ਼ਾਂ ਦੀ ਚਾਲਾਕੀ ਨੂੰ ਭਾਂਪ ਕੇ ਬਦੇਸ਼ੀ ਕਪੜੇ ਦਾ ਬਾਈਕਾਟ ਕਰਦਿਆਂ ਸਿਖਾਂ ਨੂੰ ਸੁਦੇਸ਼ੀ ਕਪੜੇ ਦੇ ਵਰਤਣ ਦਾ ਹੁਕਮ ਕੀਤਾ

ਸਰਕਾਰੀ ਸਕੂਲਾਂ ਵਿਚ ਕਿਤਾਬੀ ਪੜ੍ਹਾਈ ਦੇ ਨਾਲ ਭਾਰਤੀ ਸਭਿਅਤਾ ਵਿਚ ਭਰਮ ਵਹਿਮ ਦਸ ਕੇ ਇਸ ਨੂੰ ਤਿਆਗਣ ਅਤੇ ਈਸਾਈ ਮਤ ਨੂੰ ਗ੍ਰਹਣ ਕਰਨ ਦਾ ਵੀ ਪਰਚਾਰ ਹੁੰਦਾ ਸੀ। ਆਪਣੇ ਧਰਮ ਤੋਂ ਪਤਿਤ ਕਰਨ ਵਾਲੀ ਪੜ੍ਹਾਈ ਦਾ ਤਿਆਗ ਕਰਦਿਆਂ ਸਤਿਗੁਰ ਜੀ ਨੇ ਸਰਕਾਰੀ ਸਕੂਲਾਂ ਦਾ ਵੀ ਬਾਈਕਾਟ ਕਰ ਦਿੱਤਾ ਬੱਚਿਆਂ ਅਤੇ ਬੱਚੀਆਂ ਦੀ ਪੜ੍ਹਾਈ ਦਾ ਇੰਤਜ਼ਾਮ ਧਰਮਸਾਲਾਵਾਂ ਵਿਚ ਕੀਤਾ।

ਕਚਹਿਰੀਆਂ ਵਿਚ ਧਨ ਅਤੇ ਵਕਤ ਬਰਬਾਦ ਹੋਣ ਦੇ ਕਾਰਨ ਸਤਿਗੁਰੂ ਜੀ ਨੇ ਆਪਸੀ ਝਗੜੇ ਕਚਹਿਰੀ ਵਿਚ ਲੈ ਜਾਣ ਤੋਂ ਮਨ੍ਹਾ ਕੀਤਾ। ਆਪਣਿਆਂ ਝਗੜਿਆਂ ਦੇ ਫੈਸਲੇ ਇਲਾਕੇ ਦੇ ਸੂਬੇ ਕੋਲੋਂ ਜਾਂ ਪੰਚਾਇਤ ਕੋਲੋਂ ਕਰਵਾਉਣ ਦਾ ਆਦੇਸ਼ ਦਿੱਤਾ

# ਇਹ ਸਾਰੀਆਂ ਗੱਲਾਂ ਅੰਗਰੇਜ਼ੀ ਸਰਕਾਰ ਵਿਰੁਧ ਸਿੱਧੀ ਬਗਾਵਤ ਸੀ ਅਤੇ ਸੂਬਿਆਂ ਦੀ ਰਚਨਾ ਇਕ ਸਮਾਂਵੀਂ ਹਕੂਮਤ (PARALLEL GOVERNMENT) ਦੀ ਨੀਂਹ ਇਕ ਸੀ

ਸਵਰਗਵਾਸੀ ਰਾਸ਼ਟਰ ਪਤੀ ਡਾ: ਰਾਜਿੰਦਰ ਪਰਸਾਦ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖਦੇ ਹਨ " ਗੁਰੂ ਰਾਮ ਸਿੰਘ ਜੀ ਸੁਤੰਤਰਤਾ ਨੂੰ ਭੀ ਧਰਮ ਦਾ ਅੰਗ ਮੰਨਦੇ ਸਨ ਨਾਮਧਾਰੀਆਂ ਦਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਸੀ। ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਜੀ ਨੇ ਜੋ ਨਾ ਮਿਲਵਰਤਨ ਲਹਿਰ ਇੰਨੇ ਜ਼ੋਰ ਨਾਲ ਚਲਾਈ ਉਸ ਨੂੰ ਗੁਰੂ ਰਾਮ ਸਿੰਘ ਜੀ ਨੇ ੫੦ ਵਰ੍ਹੇ ਪਹਿਲਾਂ ਹੀ ਨਾਮਧਾਰੀਆਂ ਵਿਚ ਪਰਚਾਰਿਆ ਸੀ। ਉਨ੍ਹਾਂ ਦੇ ਸਿਧਾਂਤ ਵਿਚ ਪੰਜ ਚੀਜ਼ਾਂ ਹਨ

(1) ਸਰਕਾਰੀ ਨੌਕਰੀ ਦਾ ਬਾਈਕਾਟ
(2) ਸਰਕਾਰੀ ਸਕੂਲਾਂ ਦਾ ਬਾਈਕਾਟ
(3) ਸਰਕਾਰੀ ਅਦਾਲਤਾਂ ਦਾ ਬਾਈਕਾਟ
(4) ਬਦੇਸ਼ੀ ਬਸਤਰਾਂ ਦਾ ਬਾਈਕਾਟ
(5) ਐਸੇ ਕਾਨੂੰਨ ਮੰਨਣ ਤੋਂ ਇਨਕਾਰ ਜੋ ਆਪਣੀ ਆਤਮਾ ਦੇ ਵਿਰੋਧ ਹੋਣ

ਪਹਿਲਾਂ ਪਹਿਲ ਇਹ ਲਹਿਰ ਨਿਰੋਲ ਧਾਰਮਕ ਜਾਪਦੀ ਸੀ ਪਰ ਹੌਲੀ ਹੌਲੀ ਇਸ ਨੇ ਆਪਣੇ ਦੂਸਰੇ ਮੰਤਵਾਂ ਦਾ ਪ੍ਰਗਟਾਵਾ ਵੀ ਸ਼ੁਰੂ ਕਰ ਦਿੱਤਾ।

ਅੰਬਾਲੇ ਦੇ ਕਮਿਸ਼ਨਰ ਨੇ ਲਿਖਿਆ ਸੀ :-

*I see in the early papers That Ram Singh was looked upon as a successor or actual embodiment of Guru Nanak, the saint. He is now, the representative of Govind The warrior.*

ਭਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਸ੍ਰੀ ਸਤਿਗੁਰ ਨਾਨਕ ਦੇਵ ਜੀ ਵਾਂਗ ਸਾਧੂ ਸੁਭਾ ਸਨ ਪਰ ਹੁਣ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਵਾਂਗੂ ਦਲੇਰ ਅਤੇ ਕਿਸੇ ਤੋਂ ਨ ਡਰਨ ਵਾਲੇ ਲੜਾਕੇ ਜੋਧੇ ਹਨ

ਪੰਡਿਤ ਜਵਾਹਰ ਲਾਲ ਨਹਿਰੂ ਜੀ ਲਿਖਦੇ ਹਨ :-

*Congress followed the path shown by Satguru Ram Singh ji and attained independence of India.*

ਭਾਵ ਕਾਂਗਰਸ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਚਾਰੇ ਹੋਏ ਤਰੀਕੇ ਨਾਲ ਹੀ ਆਜ਼ਾਦੀ ਹਾਸਲ ਕੀਤੀ ਸੀ

Sri Satguru Jagjit Singh Ji Elibrary NamdhariElibrary@gmail.com

# ਭਾਈ ਰਾਏ ਸਿੰਘ ਜੀ ਦੀ ਸਾਖੀ

ਸ੍ਰੀ ਸਤਿਗੁਰੂ ਜੀ ਜਾਣਦੇ ਸਨ ਕਿ ਜਿੰਨਾਂ ਚਿਰ ਮਨੁਖ ਨਾਮ ਜਪ ਕੇ ਅਤੇ ਬਾਣੀ ਪੜ੍ਹ ਕੇ ਆਪਣੀ ਆਤਮਾ ਪ੍ਰਬਲ ਨਹੀਂ ਕਰ ਲੈਂਦਾ ਉਨਾਂ ਚਿਰ ਉਹ ਨ ਕੌਮ ਅਤੇ ਨ ਹੀ ਦੇਸ਼ ਦਾ ਕੋਈ ਕੰਮ ਸਵਾਰ ਸਕਦਾ ਹੈ । ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਸਿਖਾਂ ਵਿਚ ਧਰਮ ਦ੍ਰਿੜ ਕਰਨ ਲਈ ਧਰਮ ਦਾ ਪਰਚਾਰ ਕੀਤਾ । ਹਰ ਰੋਜ਼ ਨਾਮ ਜਪਣ ਅਤੇ ਬਾਣੀ ਪੜ੍ਹਨ ਦਾ ਤਾਕੀਦੀ ਹੁਕਮ ਕੀਤਾ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਰਹਿਤ ਮਰਯਾਦਾ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਕੀਤੀ ।

ਉਸ ਸਮੇਂ ਪੰਜਾਬ ਵਿਚੋਂ ਕਿਸੇ ਵੀ ਤਖਤ ਅਥਵਾ ਕਿਸੇ ਵੀ ਗੁਰਦੁਆਰੇ ਵਿਚੋਂ ਖਾਲਸਾ ਮਰਯਾਦਾ ਨ ਮਿਲਣ ਕਾਰਨ ਸ੍ਰੀ ਸਤਿਗੁਰੂ ਜੀ ਨੇ ਇਕ ਸਿਖ ਭਾਈ ਰਾਏ ਸਿੰਘ ਜੀ ਨੂੰ ਸ੍ਰੀ ਹਜ਼ੂਰ ਸਾਹਿਬ ਜੀ ਤੋਂ ਲਿਖ ਕੇ ਲਿਆਉਣ ਲਈ ਭੇਜਿਆ

ਭਾਈ ਰਾਏ ਸਿੰਘ ਜੀ ਮਦੀਰ ਪਿੰਡ ਦੇ ਰਹਿਣ ਵਾਲੇ ਸਨ । ਬਚਪਨ ਤੋਂ ਹੀ ਵਿਦਿਆ ਪੜ੍ਹਨ ਦਾ ਸ਼ੌਕ ਸੀ । ਵਿਦਿਆ ਪੜ੍ਹਨ ਵਾਸਤੇ ਸ੍ਰੀ ਅੰਮ੍ਰਿਤਸਰ ਗਏ ਉਥੇ ਸਿਆਣੇ ਗਿਆਨੀ ਕੋਲੋਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਅਰਥਾਂ ਸਹਿਤ ਪਾਠ ਕੀਤਾ । ਭਾਵੇਂ ਪਾਠ ਸਾਰਾ ਕਰ ਲਿਆ ਸੀ ਪਰ ਮਨ ਨੂੰ ਨ ਗਿਆਨ ਹੋਇਆ ਸੀ ਅਤੇ ਨਾ ਹੀ ਸ਼ਾਂਤੀ ਨਸੀਬ ਹੋਈ ਸੀ । ਜਦੋਂ ਇਹੋ ਜਿਹੇ ਸ਼ਬਦ ਪੜ੍ਹਦੇ ਸਨ

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ।**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ।**

ਵਾ

**ਅਨਦਿਨੁ ਜਲਤ ਰਹੈ ਦਿਨੁ ਰਾਤੀ**
**ਗੁਰ ਬਿਨੁ ਸਾਂਤਿ ਨ ਹੋਈ ਹੇ ।**
**ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ, ਸਭ ਏਕਾ ਬਾਤ ਪੁਕਾਰੀ**
**ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ**

ਤਾਂ ਸੋਚਣ ਲਗ ਪੈਂਦੇ ਅਤੇ ਵੈਰਾਗੀ ਹੋਇ ਕੇ ਆਖਦੇ ਹਾਏ ! ਮੈਨੂੰ ਵੀ ਕਦੀ ਪੂਰੇ ਗੁਰੂ ਦੇ ਦਰਸ਼ਨ ਹੋਣ ਗੇ ? ਹਾਏ ! ਮੇਰੇ ਭਾਗ ਕਦੋਂ ਖੁਲਣ ਗੇ ? ... ਫਿਰ ਕਦੀ ਕਦੀ ਹੱਥ ਜੋੜ ਕੇ ਅਰਦਾਸ ਕਰਦੇ ਹੋਏ ਬੇਨਤੀ ਕਰਦੇ

ਹੇ ਸਮੇਂ ਦੇ ਗੁਰੂ ਜੀ, ਮੈਨੂੰ ਆਪ ਹੀ ਅਨਜਾਣ
ਸਮਝ ਕੇ ਦਰਸ਼ਨ ਦੇਹੁ ਜੀ

ਫਿਰ ਕਦੀ ਕਦੀ ਸ਼ਬਦ ਪੜ੍ਹਨ ਲਗ ਪੈਂਦੇ

ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ
ਹਉ ਕਿਉ ਪਾਈ ਗੁਰੂ ਪੂਰੇ ॥
ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥

ਅਥਵਾ ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ।

ਅਥਵਾ ਮਾਈ ਮੇਰੇ ਮਨ ਕੀ ਪਿਆਸ।
ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ,
ਦਰਸਨ ਦੇਖਨ ਕਉ ਧਾਰੀ ਮਨਿ ਆਸ। ਇਤਿਆਦਿ

ਘਟ ਘਟ ਕੇ ਅੰਤਰ ਕੀ ਜਾਨਤ। ਭਲੇ ਬੁਰੇ ਕੀ ਪੀਰ ਪਛਾਨਤ।
ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਇਕ ਦਿਨ ਕਟੜਾ ਹਰੀ ਸਿੰਘ ਜੀ ਵਿਚ ਦਰਸ਼ਨ ਦਿੱਤੇ ਅਤੇ ਭਾਈ ਜੀ ਨੂੰ ਸ੍ਰੀ ਭੈਣੀ ਸਾਹਿਬ ਆਉਣ ਵਾਸਤੇ ਕਹਿਆ। ਭਾਈ ਜੀ ਕੁਝ ਦਿਨਾਂ ਪਿਛੋਂ ਪੁਛਦੇ ਪੁਛਦੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਉਥੇ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਨਿਹਾਲ ਹੋ ਗਏ। ਛਾਤੀ ਸੀਤਲ ਅਤੇ ਮਨ ਸੁਖੀ ਹੋ ਗਿਆ ਅਤੇ ਆਪ ਮੁਹਾਰੇ ਮੂੰਹੋਂ ਨਿਕਲ ਗਿਆ

ਸਫਲ ਸਫਲ ਭਈ ਸਫਲ ਜਾਤ੍ਰਾ

ਅਤੇ ਸੋਚਣ ਲਗੇ ਕਿ ਜਿਸੁ ਮਿਲਿਐ ਮਨਿ ਹੋਇ ਅਨੰਦੁ
ਸੋ ਸਤਿਗੁਰੁ ਕਹੀਐ

ਅਨੁਸਾਰ ਸਤਿਗੁਰੂ ਤਾਂ ਏਹ ਹੀ ਹਨ। ਫਿਰ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ

## ਸਤਿਗੁਰ ਆਇਓ ਸਰਣਿ ਤੁਹਾਰੀ ॥
## ਮਿਲੈ ਸੁਖ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥

ਸਤਿਗੁਰੂ ਜੀ ਨੇ ਸ਼ੁੱਧ ਹਿਰਦਾ ਵੇਖ ਕੇ ਭਜਨ ਦੀ ਦਾਤ ਬਖਸ਼ੀ । ਭਜਨ ਲੈਂਦਿਆਂ ਸਾਰ ਮਨ ਦੀ ਭਟਕਣਾ ਦੂਰ ਹੋ ਗਈ ਅਤੇ ਕਹਿਣ ਲਗੇ

## ਸਤਿਗੁਰਿ ਮੋਕਉ ਕੀਨੋ ਦਾਨੁ
## ਅਮੋਲ ਰਤਨੁ ਹਰਿ ਦੀਨੋ ਨਾਮੁ

ਹੁਣ ਭਾਈ ਜੀ ਨੇ ਡੇਰਾ ਹੀ ਇਥੇ ਲਾ ਲਇਆ । ਭਜਨ ਕਰਦੇ ਰਹਿੰਦੇ ਜਾਂ ਪਾਠ ਕਰਦੇ ਰਹਿੰਦੇ ਜਾਂ ਸੇਵਾ ਕਰਦੇ ਰਹਿੰਦੇ ।

ਕੁਝ ਸਮੇਂ ਉਪਰੰਤ ਇਕ ਦਿਨ ਸਤਿਗੁਰ ਜੀ ਨੇ ਭਾਈ ਜੀ ਨਾਲ ਬਚਨ ਕਰਦਿਆਂ ਆਖਿਆ ਕਿ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੀ ਸਿਖਾਂ ਵਾਸਤੇ ਰਹਿਤ ਮਰਯਾਦਾ ਪੰਜਾਬ ਵਿਚ ਬਿਲਕੁਲ ਖਤਮ ਹੋ ਗਈ ਹੈ, ਮਨਮਤੀਆਂ ਨੇ ਅਪਣੀ ਮਰਜ਼ੀ ਦੀ ਰਹਿਤ ਮਰਯਾਦਾ ਪ੍ਰਚਲਤ ਕਰ ਦਿੱਤੀ ਹੈ । ਅਸੀਂ ਚਾਹੁੰਦੇ ਹਾਂ ਕਿ ਸਿਖਾਂ ਵਿਚ ਗੁਰੂ ਜੀ ਦੀ ਰਹਿਤ ਮਰਯਾਦਾ ਪ੍ਰਚਲਤ ਕੀਤੀ ਜਾਏ ਸੋ ਆਪ ਸ੍ਰੀ ਹਜ਼ੂਰ ਸਾਹਿਬ ਜਾਓ ਅਤੇ ਸਾਰੀ ਮਰਯਾਦਾ ਲਿਖ ਕੇ ਲਿਆਓ । ਨਾਲ ਇਹ ਵੀ ਸਿਖਿਆ ਦਿੱਤੀ ਕਿ ਉਥੇ ਰਹਿੰਦਿਆਂ ਪਾਠ ਕਥਾ ਕਰਦਿਆਂ ਜੋ ਮਾਇਆ ਆਪ ਜੀ ਨੂੰ ਮੱਥਾ ਟਿਕੇ ਸਾਰੀ ਉਥੇ ਗੁਰਦੁਆਰੇ ਦੇ ਆਉਣੀ । ਇਕ ਹੋਰ ਸਿਖਿਆ ਦਿੱਤੀ ਕਿ ਉਥੋਂ ਦੇ ਵਸਨੀਕ ਭਾਵੇਂ ਤੁਹਾਨੂੰ ਸ਼ਾਦੀ (ਵਿਆਹ) ਕਰ ਕੇ ਉਥੇ ਰਹਿਣ ਵਾਸਤੇ ਕਿੰਨਾ ਵੀ ਜ਼ੋਰ ਲਾਉਣ ਤੁਸਾਂ ਉਥੇ ਸ਼ਾਦੀ ਨਹੀ ਕਰਨੀ

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਤਿਆਰੀ ਕਰਕੇ, ਰਾਹ ਵਾਸਤੇ ਖਰਚਾ ਲੈ ਕੇ, ਏਡਾ ਲੰਮਾ ਜੰਗਲੀ ਸਫਰ ਕਰਨ ਵਾਸਤੇ, ਅਰਦਾਸ ਕਰ ਕੇ ਭਾਈ ਜੀ ਇਕੱਲੇ ਹੀ ਪੈਦਲ ਟੁਰ ਪਏ । ਟੁਰਨ ਲਗਿਆਂ ਜਦੋਂ ਸਤਿਗੁਰੂ ਜੀ ਨੂੰ ਮਥਾ ਟੇਕਿਆ ਤਾਂ ਸਤਿਗੁਰੂ ਜੀ ਅਸ਼ੀਰਵਾਦ ਦੇਂਦਿਆ ਆਖਿਆ, 'ਵੇਖੀਂ ਮੇਰੇ ਬਚਨ ਨ ਭੁਲ ਜਾਈਂ, ਜੇ ਮੇਰੇ ਬਚਨ ਨਾ ਭੁਲੇਂਗਾ ਤਾਂ ਸਤਿਗੁਰੂ ਤੇਰੇ ਅੰਗ ਸੰਗ ਹੋ ਕੇ ਸਹਾਇਤਾ ਕਰਨਗੇ" ।

ਜਾਂਦਿਆਂ ਜਾਂਦਿਆਂ ਜਦੋਂ ਕੁਝ ਕੁ ਦੂਰ ਗਏ ਤਾਂ ਨਦੇੜ ਜਾਣ ਵਾਲਾ ਇਕ ਹੋਰ ਆਦਮੀ ਮਿਲ ਪਿਆ । ਸਾਥ ਦਾ ਹੋਣਾ ਤਾਂ ਚੰਗਾ ਸੀ ਪਰ ਉਹ ਹੈ ਕੁਸੰਗੀ ਸੀ । ਖੈਰ ਇਕੱਠੇ ਹੀ ਸਫਰ ਕਰਨ ਲਗ ਪਏ । ਜਦੋਂ ਸ੍ਰੀ ਭੈਣੀ ਸਾਹਿਬ ਤੋਂ ਤਕਰੀਬਨ ਅੱਠ ਸੌ (800) ਕੋਹ ਦਾ ਪੈਂਡਾ ਕਰ ਚੁਕੇ ਸਨ ਤਾਂ ਰਸਤੇ ਵਿਚ ਇਕ ਜੰਗਲ ਆਇਆ । ਸ਼ਾਮ ਦਾ ਸਮਾ ਸੀ ਇਕ ਹੋਰ ਕਿਸੇ ਰਾਹੀ ਨੇ ਇਨ੍ਹਾਂ ਨੂੰ ਆਖਿਆ ਕਿ ਭਈ ਇਸ ਜੰਗਲ ਵਿਚ ਸ਼ੇਰ ਬਹੁਤ ਹਨ, ਰਾਤ ਪੈਣ ਲਗੀ ਹੈ ਤੁਸੀਂ ਛੇਤੀ ਨਾਲ ਕਿਸੇ ਚੌਂਕੀ ਵਿਚ ਪਹੁੰਚ ਜਾਓ । ਰਾਤ ਕਿਸੇ ਚੌਂਕੀ ਵਿਚ ਕੱਟਣੀ

Sri Satguru Jagjit Singh Ji Elibrary NamdhariElibrary@gmail.com

ਚੌਂਕੀ ਤੋਂ ਬਾਹਰ ਨ ਸਉਣਾ । ਭਾਈ ਜੀ ਨੇ ਸਾਥੀ ਨੂੰ ਆਖਿਆ ਕਿ ਠੀਕ ਸਾਨੂੰ ਕਿਸੇ ਚੌਂਕੀ ਵਿਚ ਹੀ ਸਉਣਾ ਚਾਹੀਦਾ ਹੈ । ਇਹ ਸੁਣ ਕੇ ਉਸ ਕੁਸੰਗੀ ਸਾਥੀ ਨੇ ਆਖਿਆ, ਤੂੰ ਬੜਾ ਡਰਾਕੂਲ ਹੈਂ, ਸੁਣਦਿਆਂ ਸਾਰ ਹੀ ਘਬਰਾ ਗਿਆ ਹੈਂ । ਮੈਂ ਤਾਂ ਸਮਝਦਾ ਸਾਂ ਕਿ ਸਿਖ ਸ਼ੇਰ ਹੁੰਦੇ ਹਨ ਪਰ ਤੂੰ ਤਾਂ ਸ਼ੇਰ ਦਾ ਨਾਂ ਹੀ ਸੁਣ ਕੇ ਘਬਰਾ ਗਿਆ ਹੈਂ । ਇਸ ਤਰਾਂ ਦੇ ਬਚਨ ਕਰਦਿਆਂ ਕਰਦਿਆਂ ਰਾਤ ਪੈ ਗਈ, ਹਨੇਰਾ ਹੋ ਗਿਆ ਅਤੇ ਉਹ ਦੋਵੇਂ ਜੰਗਲ ਵਿਚ ਬਾਹਰ ਹੀ ਥੋੜੀ ਥੋੜੀ ਵਿਥ ਤੇ ਸੌਂ ਗਏ । ਥੋੜੀ ਦੇਰ ਪਿਛੋਂ ਹੀ ਇਕ ਭਿਆਨਕ ਸ਼ੇਰ ਉਸ ਪਾਸੇ ਵਲ ਆ ਨਿਕਲਿਆ । ਉਹਨੇ ਆਉਂਦੇ ਸਾਰ ਹੀ ਕੁਸੰਗੀ ਸਾਥੀ ਨੂੰ ਮਾਰ ਦਿੱਤਾ ਅਤੇ ਉਸਦਾ ਮਾਸ ਖਾਣ ਲੱਗ ਪਿਆ । ਨੇੜੇ ਹੀ ਲੇਟੇ ਹੋਇ ਭਾਈ ਰਾਏ ਸਿੰਘ ਜੀ ਇਹ ਸਭ ਕੁਝ ਵੇਖ ਰਹੇ ਸਨ ਅਤੇ ਮਨ ਵਿਚ ਡਰ ਰਹੇ ਸਨ ਕਿ ਸ਼ੇਰ ਸ਼ਾਇਦ ਮੇਰਾ ਵੀ ਇਹ ਹਾਲ ਕਰੇਗਾ । ਇਸ ਭਿਆਨਕ ਅਵਸਥਾ ਵਿਚ ਭਾਈ ਜੀ ਨੇ ਦੀਨ ਹੋ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਯਾਦ ਕੀਤਾ ਅਤੇ ਕੁਝ ਇਸ ਤਰਾਂ ਅਰਦਾਸ ਕੀਤੀ :-

ਗੁਰੂ ਰਾਮ ਸਿੰਘ ਬਿਰਦ ਸਮ੍ਹਾਰੇ
ਅਉਗੁਣ ਮੇਰੇ ਰਿਦੇ ਨ ਧਾਰੇ
ਸਿੰਘਹਿ ਤੇ ਨਿਜ ਸਿੰਘ ਬਚਾਵੇ
ਸ੍ਰੀ ਅਚਲ ਨਗਰੀ ਪਹੁੰਚਾਵੇ

" ਪ੍ਰਭ ਦਾਸਦਾ ਦੁਖ ਨ ਖਵ ਸਕੈ " (ਸਤਿਗੁਰੂ ਬਿਲਾਸ ਪਾ : ੧੨) ਅਨੁਸਾਰ ਅਪਣੇ ਦਾਸ ਦੀ ਰਖਿਆ ਹਿਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਘੋੜੀ ਤੇ ਸਵਾਰ ਹੋ ਕੇ ਤਤਕਾਲ ਅਪਣੇ ਸੇਵਕ ਕੋਲ ਪਹੁੰਚ ਕੇ ਦੋਹਾਂ ਸਿੰਘਾਂ ਦੇ ਵਿਚਕਾਰ ਘੋੜੀ ਖਲਾਰ ਦਿੱਤੀ । ਭਾਈ ਜੀ ਹਨੇਰੇ ਵਿਚ ਪ੍ਰਕਾਸ਼ ਹੁੰਦਿਆਂ ਸਾਰ ਝਟ ਉਠਕੇ ਸਤਿਗੁਰੂ ਜੀ ਦੇ ਚਰਨਾਂ ਤੇ ਲਿਪਟ ਗਏ । ਸਤਿਗੁਰੂ ਜੀ ਨੇ ਬਚਨ ਕੀਤਾ ਭਾਈ ਤੂੰ ਡਰਦਾ ਕਿਉਂ ਹੈਂ ? ਉਸ ਤੇਰੇ ਸਾਥੀ ਨੇ ਪਿਛਲੇ ਜਨਮ ਇਸ ਸ਼ੇਰ ਦੇ ਪਿਛਲੇ ਜਨਮ ਵਿਚ ਇਸ ਨੂੰ ਮਾਰਿਆ ਸੀ, ਹੁਣ ਇਸ ਜਨਮ ਵਿਚ ਸ਼ੇਰ ਨੇ ਓਹਨੂੰ ਮਾਰਿਆ ਹੈ । ਤੂੰ ਨਾ ਇਸਦਾ ਕੋਈ ਦੇਣਾ ਹੈ ਅਤੇ ਨਾ ਕੁਝ ਲੈਣਾ ਹੈ । ਤੂੰ ਬੇਫਿਕਰ ਹੋ ਕੇ ਮੇਰੇ ਸਾਮ੍ਹਣੇ ਚੌਂਕੀ ਵਿਚ ਚਲਾ ਜਾ । ਇਹ ਸੁਣਦਿਆਂ ਸਾਰ ਭਾਈ ਜੀ ਅਪਣਾ ਬੁਚਕਾ ਚੁਕ ਕੇ ਟੁਰ ਪਏ ਅਤੇ ਨੇੜੇ ਵਾਲੀ ਚੌਂਕੀ ਵਿਚ ਜਾ ਆਰਾਮ ਕੀਤਾ ।

ਅਗਲੀ ਸਵੇਰ, ਸਤਿਗੁਰੂ ਜੀ ਦਾ ਜਸ ਕਰਦਿਆਂ ਅਤੇ ਭਜਨ ਕਰਦਿਆਂ ਇਕੱਲੇ ਹੀ ਅਪਣੇ ਸਫਰ ਵਾਸਤੇ ਟੁਰ ਪਏ । ਫਿਰ ਰਾਹ ਵਿਚ ਕੋਈ ਰੁਕਾਵਟ ਨ ਆਈ ਅਤੇ ਥੋੜੇ ਦਿਨਾਂ ਵਿਚ ਸ੍ਰੀ ਹਜ਼ੂਰ ਸਾਹਿਬ ਪਹੁੰਚ ਗਏ ।

ਸ੍ਰੀ ਹਜ਼ੂਰ ਸਾਹਿਬ ਰਹਿੰਦਿਆਂ ਭਾਈ ਜੀ ਸਿਖੀ ਰਹਿਤ ਮਰਯਾਦਾ ਵੀ ਨਿਭਦੇ ਰਹੇ ਅਤੇ ਸ੍ਰੀ ਆਦਿ ਗ੍ਰੰਥ ਜੀ ਦੀ ਕਥਾ ਵੀ ਕਰਦੇ ਸਨ। ਇਕ ਸ੍ਰੀ ਸਤਿਗੁਰੂ ਜੀ ਦੀ ਕਿਰਪਾ, ਦੂਜਾ ਚੰਗੇ ਵਿਦਵਾਨ ਅਤੇ ਤੀਜਾ ਪ੍ਰੇਮ ਹੋਣ ਕਾਰਨ ਕਥਾ ਬੜੀ ਚੰਗੀ ਕਰਦੇ ਸਨ। ਆਪ ਜੀ ਦੀ ਕਥਾ ਤੋਂ ਪ੍ਰਭਾਵਤ ਹੋ ਕੇ ਸਿਖ ਕਥਾ ਭੇਟ ਬੜੀ ਕਰਦੇ ਸਨ। ਕਥਾ ਦੀ ਸਮਾਪਤੀ ਉਪਰੰਤ ਇਕ ਰਾਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਵਾਪਸ ਸ੍ਰੀ ਭੈਣੀ ਸਾਹਿਬ ਆਉਣ ਲਈ ਆਖਿਆ। ਅਗਲੀ ਸਵੇਰ ਹੀ ਤਿਆਰੀ ਕਰਕੇ, ਕੜਕੂ ਕੜੇ ਚੱਕਰ ਖੰਡੇ ਅਤੇ ਕੰਘੇ ਖਰੀਦ ਕੇ ਅਤੇ ਮਥਾ ਟਿਕੀ ਸਾਰੀ ਮਾਇਆ ਗੁਰਦੁਆਰੇ ਮਥਾ ਟੇਕ ਕੇ ਵਾਪਸ ਪੰਜਾਬ ਆਉਣ ਦੀ ਅਰਦਾਸ ਕੀਤੀ। ਉਥੋਂ ਦੇ ਸਿਖ ਪ੍ਰੇਮ ਵਸ ਰੁਦਨ ਕਰਨ ਲਗੇ ਅਤੇ ਵਾਪਸ ਨ ਜਾਣ ਲਈ ਤਰਲੇ ਕਰਨ ਲਗੇ ਅਤੇ ਕਹਿਣ ਲਗੇ ਕਿ ਤੁਹਾਡਾ ਵਿਆਹ ਇਥੇ ਕਰ ਦਿੰਦੇ ਹਾਂ ਤੁਸੀ ਇਥੇ ਪੱਕੀ ਰਿਹਾਇਸ਼ ਅਖਤਿਆਰ ਕਰ ਲਓ। ਭਾਈ ਜੀ ਸਭ ਨੂੰ ਧੀਰਜ ਦਿੱਤੀ, ਗੁਰੂ ਜੀ ਦਾ ਹੁਕਮ ਇਸੇ ਤਰਾਂ ਹੀ ਹੈ ਕਹਿ ਕੇ ਅਤੇ ਸਭ ਨੂੰ ਫਤੇ ਬੁਲਾ ਕੇ ਵਾਪਸ ਟੁਰ ਪਏ।

ਵਾਪਸ ਆਉਂਦਿਆਂ ਰਾਹ ਵਿਚ ਖਰਚਾ ਮੁਕ ਗਿਆ। ਹੁਣ ਹੈਰਾਨ ਸਨ ਕਿ ਕੀ ਕੀਤਾ ਜਾਏ? ਮੰਗ ਕੇ ਖਾਉਣ ਦਾ ਹੁਕਮ ਨਹੀ ਸੀ ਅਤੇ ਰਾਹ ਵਿਚ ਕੋਈ ਜਾਣੂ ਪਛਾਣੂ ਵੀ ਨਹੀਂ ਸੀ ਕਿ ਜਿਸ ਕੋਲੋਂ ਉਧਾਰ ਲਇਆ ਜਾਏ। ਭਾਵੇਂ ਆਪ ਬਾਰ੍ਹਾਂ ਪਹਿਰ ਭੁਖੇ ਰਹੇ ਸਨ ਪਰ ਨੇਮ ਨਾਲ ਅਪਣਾ ਸਫਰ ਜਾਰੀ ਰਖਿਆ ਅਤੇ ਅਪਣਾ ਨਿਤ ਨੇਮ ਵੀ ਕਰੀ ਜਾਂਦੇ ਸਨ। ਤ੍ਰੇਹ ਲਗਣ ਕਰ ਕੇ, ਦੂਰੋਂ ਇਕ ਬਾਉਲੀ ਵੇਖ ਕੇ ਉਥੇ ਗਏ। ਜਦੋਂ ਬਾਉਲੀ ਕੋਲ ਪਹੁੰਚੇ ਤਾਂ ਕੀ ਵੇਖਦੇ ਹਨ ਕਿ ਬਾਉਲੀ ਦੇ ਕੰਢੇ ਤੇ ਇਕ ਥੈਲੀ ਪਈ ਹੋਈ ਹੈ। ਭਾਵੇਂ ਪੈਸੇ ਤੋਂ ਬਿਨਾਂ ਅੰਨ ਨ ਖਾਣ ਕਰ ਕੇ ਬਾਰ੍ਹਾਂ ਪਹਿਰ ਦੇ ਭੁਖੇ ਸਨ ਪਰ ਫਿਰ ਵੀ ਥੈਲੀ ਵੇਖ ਕੇ ਬੇਈਮਾਨ ਨ ਹੋਏ। ਸੋਚਣ ਲਗੇ ਸ਼ਾਇਦ ਕੋਈ ਭੁਲ ਗਿਆ ਹੋਵੇਗਾ, ਅੱਛਾ, ਜਿਸ ਦੀ ਹੋਵੇਗੀ ਉਸ ਨੂੰ ਦੇ ਦਿਆਂਗਾ। ਪੰਜ ਇਸ਼ਨਾਨਾ ਕਰ ਕੇ ਜਲ ਛਕਿਆ ਅਤੇ ਕੁਝ ਆਰਾਮ ਕਰਕੇ ਫਿਰ ਟੁਰ ਪਏ। ਉਹ ਥੈਲੀ ਵੀ ਹੱਥ ਵਿਚ ਫੜ ਲਈ। ਰਾਹ ਵਿਚ ਮਿਲਦੇ ਹਰ ਰਾਹੀ ਨੂੰ ਪੁਛਦੇ ਜਾਂਦੇ ਕਿ ਇਹ ਥੈਲੀ ਉਸ ਦੀ ਤੇ ਨਹੀ ਜੇ ਉਸ ਦੀ ਹੈ ਤਾਂ ਲੈ ਲਵੇ, ਪਰ ਕਿਸੇ ਵੀ ਝੂਠ ਬੋਲ ਕੇ ਵੀ ਥੈਲੀ ਨ ਲਈ। ਜਦੋਂ ਪੁਛਦੇ ਪੁਛਦੇ ਚੋਖੀ ਦੂਰ ਚਲੇ ਗਏ ਤਾਂ ਸਤਿਗੁਰੂ ਜੀ ਨੇ ਜਣਾਇਆ ਕਿ ਇਹ ਥੈਲੀ ਮੈਂ ਆਪ ਤੇਰੇ ਖਰਚੇ ਵਾਸਤੇ ਬਾਉਲੀ ਦੇ ਕੰਢੇ ਰਖੀ ਸੀ। ਤੂੰ ਨਿਸੰਗ ਹੋ ਕੇ ਵਰਤ। ਫਿਰ ਜਦੋਂ ਥੈਲੀ ਖੋਲ੍ਹੀ ਤਾਂ ਵਿਚ ਕਈ ਚਾਂਦੀ ਦੇ ਰੁਪੈ ਸਨ। ਰਾਹ ਵਿਚੋਂ ਸੀਧਾ ਮੁਲ ਲਿਆ ਅਤੇ ਲੰਗਰ ਬਣਾ ਕੇ ਛਕਿਆ, ਪਰਾਣਾਂ ਨੂੰ ਸੁਖ ਹੋਇਆ ਕੁਝ ਆਰਾਮ ਕੀਤਾ ਫਿਰ ਨੇਮ ਅਨੁਸਾਰ ਸਫਰ ਕਰਨ ਲਗ ਪਏ। ਫਿਰ ਰਾਹ ਵਿਚ ਕੋਈ ਤਕਲੀਫ ਨ ਹੋਈ ਅਤੇ ਸਫਰ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਦੇ ਨੇੜੇ ਪਹੁੰਚ ਗਏ। ਹਾਲੀ ਸ੍ਰੀ ਭੈਣੀ ਸਾਹਿਬ ਤੋਂ ਦੋ ਕੁ ਕੋਹ ਦੂਰ ਸਨ ਕਿ

Sri Satguru Jagjit Singh Ji Elibrary NamdhariElibrary@gmail.com

ਅੰਤਰਜਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਵਾਨ ਵਿਚੋਂ ਉੱਠ ਕੇ ਅਪਣੇ ਪਿਆਰੇ ਸਿਖ ਨੂੰ ਅਗੋਂ ਜਾ ਕੇ ਲਿਆਉਣ ਲਈ ਟੁਰ ਪਏ ਅਤੇ ਤਕਰੀਬਨ ਇਕ ਕੋਹ ਤੇ ਜਾ ਦਰਸ਼ਨ ਦਿੱਤੇ । ਭਾਈ ਜੀ ਦਰਸ਼ਨ ਕਰਦਿਆਂ ਸਾਰ ਹੀ ਚਰਨਾਂ ਨਾਲ ਲਿਪਟ ਗਏ । ਸ੍ਰੀ ਸਤਿਗੁਰ ਜੀ ਨੇ ਉਠਾ ਕੇ ਛਾਤੀ ਨਾਲ ਲਾਇਆ ਅਤੇ ਸੁਖਸਾਂਦ ਪੁਛੀ । ਫਿਰ ਧੀਰੇ ਧੀਰੇ ਸ੍ਰੀ ਭੈਣੀ ਸਾਹਿਬ ਵਲ ਟੁਰ ਪਏ । ਸਤਿਗੁਰ ਜੀ ਭਾਈ ਜੀ ਨੂੰ ਪੁਛਦੇ ਹਨ ਕਿ ਅਸਾਂ ਸੁਣਿਆ ਹੈ ਕਿ ਰਾਹ ਵਿਚ ਸ਼ੇਰ ਪਇਆ ਹੈ ਕੋਈ ਤਕਲੀਫ ਤੇ ਨਹੀਂ ਹੋਈ ? ਨਾਲੇ ਇਹ ਵੀ ਦਸ ਕਿ ਰਾਹ ਵਿਚ ਖਰਚੇ ਵਲੋਂ ਤੰਗ ਤੇ ਨਹੀਂ ਹੋਇਆ ਅੰਤਰਜਾਮੀ ਜੀ, ਜੋ ਜੋ ਭਾਈ ਜੀ ਨਾਲ ਵਰਤਿਆ ਸੀ ਆਪ ਹੀ ਦੱਸੀ ਜਾਂਦੇ ਹਨ ਅਖੀਰ ਤੇ ਕਹਿਆ ਭਾਈ, ਸਤਿਗੁਰੂ ਜੀ ਸਿਖ ਦੀ ਰਾਖੀ ਕਰਦੇ ਹਨ

## ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ

ਭਾਈ ਜੀ ਪ੍ਰੇਮ ਮੁਗਧ ਨਾਲ ਨਾਲ ਟੁਰੀ ਜਾਂਦੇ ਸਨ । ਸਹਿਜੇ ਸਹਿਜੇ ਦੀਵਾਨ ਸਥਾਨ ਤੇ ਪਹੁੰਚ ਗਏ । ਸਾਧ ਸੰਗਤ ਦਾ ਭਾਰੀ ਇਕੱਠ ਵੇਖ ਕੇ ਭਾਈ ਜੀ ਹੈਰਾਨ ਹੋਏ ਅਤੇ ਸੋਚਣ ਲਗੇ ਕਿ ਜਦੋਂ ਮੈਂ ਗਿਆ ਸਾਂ ਉਦੋਂ ਤਾਂ ਸਿਰਫ ਤੇਰਾਂ ਹੀ ਸਿਖ ਸਨ ਹੁਣ ਤਾਂ ਅਨਗਿਣਤ ਹੀ ਸਿਖ ਹਨ । ਸੱਚੇ ਪਾਤਸ਼ਾਹ ਜੀ ਅਪਣੇ ਸਿੰਘਾਸਣ ਤੇ ਬੈਠ ਗਏ ਅਤੇ ਭਾਈ ਜੀ ਕੋਲ ਹੀ ਸਾਧ ਸੰਗਤ ਵਿਚ ਬੈਠ ਗਏ । ਫਿਰ ਜਦੋਂ ਸਤਿਗੁਰੂ ਜੀ ਨੇ ਰਹਿਤ ਮਰਯਾਦਾ ਬਾਰੇ ਪੁਛਿਆ ਤਾਂ ਭਾਈ ਜੀ ਨੇ ਲਿਖੀ ਹੋਈ ਰਹਿਤ ਮਰਯਾਦਾ ਅਰਜ ਕਰ ਦਿੱਤੀ । ਫਿਰ ਸਤਿਗੁਰੂ ਨੇ ਇਹੋ ਰਹਿਤ ਮਰਯਾਦਾ ਰਖਣ ਵਾਸਤੇ ਸਿਖਾਂ ਨੂੰ ਹੁਕਮ ਕੀਤਾ

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥



[illegible]

Sri Satguru Jagjit Singh Ji Elibrary

## ਕੰਡਲੀਆ

ਰਾਮ ਸਿੰਘ ਸਤਿਗੁਰ ਜੀ ਪ੍ਰਗਟੇ ਰੂਪ ਮੁਰਾਰ
ਜਗਤ ਉਧਾਰਨ ਕੇ ਨਮਿਤ ਲੀਨੋ ਹੈ ਅਵਤਾਰ
ਲੀਨੋ ਹੈ ਅਵਤਾਰ ਗਊ ਰਖਸ਼ਾ ਕੇ ਕਾਰਨ
ਦੁਖ ਭੰਜਨ ਕ੍ਰਿਪਾਲ ਸੁ ਜਮ ਕੀ ਤ੍ਰਾਸ ਨਿਵਾਰਨ
ਨਰ ਨਾਰੀ ਕੋ ਆਪ ਦੀਓ ਮੁਖ ਅੰਮ੍ਰਿਤ ਨਾਮ
ਦਆਦਸ ਗੁਰ ਕੋ ਅਨਕ ਬਾਰ ਮੇਰੀ ਪ੍ਰਨਾਮ

(ਸੰਤ ਦਿਆਲ ਸਿੰਘ ਜੀ)

## ਸਰਨ ਤੁਮਾਰੀ ਆਇਆ

ਤੇਰੀ ਉਪਮਾ ਕਿਤੁ ਮੁਖ ਕਹੀਐ ਘਟ ਘਟ ਤੂਹੀ ਸਮਾਇਆ
ਬੇਦ ਬੀਚਾਰ ਥਕੇ ਬਹੁ ਤੇਰਾ ਅੰਤ ਨ ਜਾਏ ਪਾਇਆ
ਰਖਦਾ ਆਇਉਂ ਪੈਜ ਬਿਰਦ ਕੀ ਦੀਨਾਂ ਨਾਥ ਦਇਆਲਾ
ਜਗਤ ਕੇ ਠਾਕੁਰ ਸੁਣਹੁ ਬੇਨਤੀ ਸਰਨ ਤੁਮਾਰੀ ਆਇਆ

ਸੰਤ ਇੰਦਰਦਮਨ ਸਿੰਘ ਜੀ
ਰਤਨ

## ਦਰਸਨ ਦੇਵੋ ਖੋਲ ਕਿਵਾੜ

ਮੈਂ ਹਾਂ ਪ੍ਰੀਤਮ ਦਾਸੀ ਤੇਰੀ, ਤੂੰ ਮੇਰਾ ਸਰਦਾਰ।
ਦਰਸ ਦਿਖਾਵੇ ਆਕੇ ਇਕ ਛਿਨ, ਹੋ ਜਾਏ ਬੇੜਾ ਪਾਰ।
ਵਿਚ ਪ੍ਰਦੇਸਾਂ ਬੈਠਾ ਹੈਂ ਤੂੰ, ਸੁਨ ਲੈ ਮੇਰੀ ਪੁਕਾਰ।
ਮੋਇਆਂ ਨੂੰ ਜੀਵਾਲਨ ਵਾਲੇ, ਮੈ ਤੈਥੋਂ ਬਲਿਹਾਰ।
ਮੇਰੀਆਂ ਰੋਂਦੀਆਂ ਅਖੀਆਂ ਨੂੰ ਤੂੰ, ਕਰਦੇ ਠੰਢਾ ਠਾਰ।
ਤੂੰ ਹੈ ਸਭਨਾਂ ਜੀਆਂ ਕਾ ਦਾਤਾ, ਤੂੰ ਸਭ ਦਾ ਪਾਲਨ ਹਾਰ।
ਤੇਰੇ ਬਾਝੋਂ ਕੋਈ ਨਾ ਮੇਰਾ, ਜੋ ਲਵੇਗਾ ਮੇਰੀ ਸਾਰ।
ਹੱਥ ਜੋੜਕੇ ਅਰਜ ਹੈ ਮੇਰੀ, ਦਰਸ਼ਨ ਦੇਵੋ ਖੋਲ ਕਿਵਾੜ।

ਸੰਤ ਹਰਭਜਨ ਸਿੰਘ ਜੀ
ਨਿਰਮਲ

Sri Satguru Jagjit Singh Ji Elibrary NamdhariElibrary@gmail.com

NO. 30

# ਸੰਮਤ ੧੯੨੫ ਮਾਨਾ ਵਾਲੇ ਦਾ ਹੋਲਾ ਸੰਨ 1869

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨੰਦੇੜ ਵਿਖੇ ਕੌਤਕ ਰਚਾਉਣ ਪਿਛੋਂ ਸਿਖਾਂ ਵਿਚ ਹਰਾਸ ਫੈਲ ਗਿਆ ਸੀ । ਇਕ ਪਾਸੇ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਸਨ ਹੁੰਦੇ ਅਤੇ ਦੂਜੇ ਪਾਸੇ ਮੁਸਲਮਾਨੀ ਰਾਜ ਨਾਲ ਟੱਕਰ ਸੀ ਕੁਝ ਚਿਰ ਤਾਂ ਬੰਦਾ ਬਹਾਦਰ ਗੁਰੂ ਜੀ ਦੀ ਕਿਰਪਾ ਨਾਲ ਅਤੇ ਸਿਖਾਂ ਦੇ ਸਹਿਯੋਗ ਨਾਲ ਮੁਸਲਮਾਨਾਂ ਦੇ ਦੰਦ ਖੱਟੇ ਕਰਦਾ ਰਿਹਾ ਪਰ ਅਖੀਰ ਉਹ ਵੀ ਸਿਖਾਂ ਦੀ ਆਪਸੀ ਫੁੱਟ ਕਾਰਨ ਗਿਰਫਤਾਰ ਹੋ ਗਿਆ ਅਤੇ ਕਈ ਸੈਂਕੜੇ ਸਾਥੀਆਂ ਸਮੇਤ ਸ਼ਹੀਦ ਕੀਤਾ ਗਿਆ । ਮੁਸਲਮਾਨਾਂ ਵਲੋਂ ਬੜੇ ਜ਼ੁਲਮ ਹੋਣ ਲਗੇ ਅਤੇ ਸਿਖ ਵੀ ਕਈ ਧੜਿਆਂ ਵਿਚ ਵੰਡੇ ਗਏ ਸਨ

ਦੂਜੇ ਪਾਸੇ ਸ੍ਰੀ ਗੁਰੂ ਜੀ ਦੇ ਪ੍ਰੋਗ੍ਰਾਮ ਦਾ ਕੋਈ ਪਤਾ ਨਹੀਂ ਸੀ ਲਗ ਰਿਹਾ ।

## ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ

ਅਨੁਸਾਰ ਗੁਰੂ ਵਾਲੇ ਸਾਂਗ ਨੇ ਤਾਂ ਇਕ ਵੇਰ ਵਡੇ ਵਡੇ ਸਾਰੇ ਸਿਖਾਂ ਨੂੰ ਭੁਲਾ ਦਿੱਤਾ ਸੀ । ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਨ ਹੋਣ ਕਾਰਨ ਸਾਰੇ ਹੀ ਦੁਖੀ ਸਨ

ਸਤਿਗੁਰੂ ਜੀ ਦੀ ਖੇਡ ਸਤਿਗੁਰੂ ਜੀ ਹੀ ਜਾਣਦੇ ਹਨ । ਜਦੋਂ ਉਨ੍ਹਾਂ ਦੀ ਆਪਣੀ ਹੀ ਰਜ਼ਾ ਗੁਪਤ ਵਿਚਰਣ ਦੀ ਹੋਵੇ ਤਾਂ ਸਿਖਾਂ ਦੇ ਸਾਰੇ ਹੀ ਜਤਨ ਨਿਸਫਲ ਸਮਝੋ । ਫਿਰ ਉਨ੍ਹਾਂ ਨੇ ਤਕਰੀਬਨ 104 ਸਾਲ ਗੁਪਤ ਵਿਚਰ ਕੇ ਆਪਣਾ ਉਤ੍ਰਾਧਿਕਾਰੀ ਵੀ ਐਸਾ ਬਣਾਇਆ ਜਿਸ ਬਾਰੇ ਲਿਖਿਆ ਹੈ

ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ

ਸ੍ਰੀ ਗੁਰੂ ਬਾਲਕ ਸਿੰਘ ਜੀ ਬਾਰੇ

## ਨਾਮ ਸਿੰਘ ਬਾਲਕ, ਪੈ ਪਾਲਕ ਪਿਗੰਬਰੋਂ ਕੇ
## ਅੰਬਰੋਂ ਕੇ ਮਾਲਕ, ਅਡੰਬਰੋਂ ਕੇ ਤਜਾਗੀ ਹੈਂ ।

ਅਨੁਸਾਰ ਹਰ ਤਰ੍ਹਾਂ ਸਮਰਥ ਸਨ ਪਰ "ਗੁਪਤ ਗਿਆਰਵਾਂ ਖੇਲਸੀ" ਅਨੁਸਾਰ ਬਹੁਤ ਪ੍ਰਗਟ ਨਹੀਂ ਸਨ ਹੋਏ । ਫਿਰ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਆਪਣਾ ਉਤ੍ਰਾਧਿਕਾਰੀ ਐਸਾ ਬਣਾਇਆ ਜਿਸ ਬਾਰੇ ਲਿਖਿਆ ਹੈ

## ਜਾਮਾ ਪਹਿਰੇ ਬਾਰਵਾਂ ਪ੍ਰਗਟੈ ਆਦਿ ਰਘੁਵੰਸੁ
## ਸੰਗਤ ਮਿਲੈ ਅਨੰਤ ਤਬ ਜਾਨੋ ਕੋਟ ਸਹੰਸੁ ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮਸਿੰਘ ਜੀ ਨੇ ਗੁਰ ਗਦੀ ਸੰਭਾਲਣ ਪਿਛੋਂ
ਜਦੋਂ ਦੌਰੇ ਕਰਨੇ ਸ਼ੁਰੂ ਕੀਤੇ

## ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ
## ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ

"ਸਤਿਗੁਰ ਦਰਸਨਿ ਅਗਨਿ ਨਿਵਾਰੀ"

ਸਤਿਗੁਰੂ ਜੀ ਦੇ ਦਰਸ਼ਨ ਵਿਚ ਕੋਈ ਮਿਕਨਾਤੀਸੀ ਕਸ਼ਸ਼ ਸੀ ਕਿ ਲੋਕੀ ਆਪਣੇ ਆਪ ਹੀ ਖਿਚੇ ਆਉਂਦੇ ਸਨ । ਕਈ ਤਾਂ ਦਰਸ਼ਨ ਕਰਦਿਆਂ ਸਾਰ ਹੀ ਮਸਤਾਨੇ ਹੋ ਜਾਂਦੇ ਸਨ ਅਤੇ ਕਹਿਣ ਲਗ ਪੈਂਦੇ ਸਨ

## ਆਈਨਾਏ ਖ਼ੁਦਾ ਨੁਮਾ ਹਸਤ ਰੂਏ ਤੋ
## ਦੀਦਾਰੇ ਹਕ ਜ਼ਿ ਆਈਨਾਏ ਰੂਏ ਤੂ ਮੇਕੁਨ

ਭਾਵ ਉਹ ਸਤਿਗੁਰੂ ਜੀ ਦੇ ਚੇਹਰੇ ਤੋਂ ਪ੍ਰਮੇਸ਼ਰ ਦਾ "ਦੀਦਾਰ" ਕਰਦੇ ਸਨ

ਕਈ ਥਾਵਾਂ ਤੇ ਐਸਾ ਵੀ ਹੁੰਦਾਂ ਸੀ

## ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੈਸ ਹੀ

ਕਈ ਲੋਕ ਮਨ ਵਿਚ ਕੋਈ ਨ ਕੋਈ ਧਾਰਨਾ ਧਾਰ ਕੇ ਦਰਸ਼ਨ ਕਰਨ ਵਾਸਤੇ ਆਉਂਦੇ ਸਨ ਭਾਵ ਅਜ਼ਮਾਇਸ਼ ਕਰਨ ਵਾਸਤੇ ਆਉਂਦੇ ਸਨ । ਜਦੋਂ ਉਨ੍ਹਾਂ ਦੀ ਮਨਸ਼ਾ ਪੂਰੀ ਹੋ ਜਾਂਦੀ ਸੀ ਤਾਂ ਸਿਖ ਸਜ ਜਾਂਦੇ ਸਨ ਅਤੇ ਆਪ ਮੁਹਾਰੇ ਹੀ ਕਹਿਣ ਲਗ ਪੈਂਦੇ ਸਨ

## ਜਿਤੜੇ ਫਲ ਮਨਿ ਬਾਛੀਅਹਿ
## ਤਿਤੜੇ ਸਤਿਗੁਰ ਪਾਸਿ

ਜਾਂ

## ਗੁਰੁ ਮਨਸਾ ਪੂਰਣਹਾਰ

ਸਰਦਾਰ ਹੀਰਾ ਸਿੰਘ ਜੀ ਦੀ ਵੀ ਸਾਖੀ ਕੁਝ ਇਸ ਤਰਾਂ ਦੀ ਹੈ

Sri Satguru Jagjit Singh Ji Elibrary NamdhariElibrary@gmail.com

ਪੰਜਾਬ ਵਿਚ ਇਕ ਪ੍ਰਸਿੱਧ ਨਗਰ ਮਾਨਾਂਵਾਲਾ ਹੈ (ਹੁਣ ਪਾਕਸਤਾਨ ਵਿਚ ਹੈ) ਇਥੇ ਮਾਨ ਗੋਤ ਦੇ ਸਰਦਾਰ ਰਹਿੰਦੇ ਸਨ । ਇਕ ਸਰਦਾਰ ਜੀ ਦਾ ਨਾਮ ਹੀਰਾ ਸਿੰਘ ਜੀ ਸੀ । ਸ. ਹੀਰਾ ਸਿੰਘ ਜੀ ਦੇ ਦਾਦਾ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਸਨ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਗ੍ਰੰਥ ਇਨ੍ਹਾਂ ਨੂੰ ਦਿੰਦਿਆਂ ਕਿਹਾ ਸੀ ਕਿ ਇਹ ਮੇਰੀ ਅਮਾਨਤ ਅਪਣੇ ਘਰ ਰਖ ਛਡੋ, ਜਦੋਂ ਮੈਂ ਬਾਰਵੇਂ ਜਾਮੇ ਵਿਚ ਆਂਵਾਂਗਾ ਤਾਂ ਆਪ ਹੀ ਮੰਗ ਲਵਾਂਗਾ ਦਾਦਾ ਜੀ ਤਾਂ ਚੜ੍ਹਾਈ ਕਰ ਗਏ ਸਨ ਅਤੇ ਉਹ ਗ੍ਰੰਥ ਸ. ਹੀਰਾ ਸਿੰਘ ਜੀ ਦੇ ਕੋਲ ਸੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੌਰਾ ਕਰਦਿਆਂ ਕਰਦਿਆਂ ਮਾਨਾਂਵਾਲੇ ਵੀ ਚਰਨ ਪਾਏ ਸਨ । ਬੜੀ ਸੰਗਤ ਦਰਸਨ ਕਰਨ ਵਾਸਤੇ ਆਈ । ਸ. ਹੀਰਾ ਸਿੰਘ ਜੀ ਵੀ ਆਏ । ਜਦੋਂ ਸਰਦਾਰ ਜੀ ਮਥਾ ਟੇਕਣ ਲਗੇ ਤਾਂ ਸਤਿਗੁਰੂ ਜੀ ਨੇ **ਯਕ ਨਿਗਾਹੇ ਜਾਂ ਫਿਜ਼ਾਇਸ਼** ਵਾਲੀ ਨਿਗਾਹ ਨਾਲ ਤਕਦਿਆਂ ਕਿਹਾ " ਸਰਦਾਰ ਜੀ, ਸਾਡਾ ਇਕ ਗ੍ਰੰਥ ਬੜੇ ਚਿਰਾਂ ਦਾ ਤੁਹਾਡੇ ਘਰ ਪਇਆ ਹੋਇਆ ਹੈ ਕਿਰਪਾ ਕਰਕੇ ਮੈਨੂੰ ਦੇ ਦਿਉ । ਸ. ਜੀ ਤਾਂ ਪਹਿਲਾਂ ਹੀ ਦਰਸਨ ਕਰ ਕੇ ਨਿਹਾਲ ਹੋ ਗਏ ਸਨ ਪਰ ਹੁਣ ਜਦੋਂ ਅਪਣਾ ਗ੍ਰੰਥ ਮੰਗਿਆ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਰਦਾਰ ਜੀ ਦੇ ਦਾਦਾ ਜੀ ਨਾਲ ਕੀਤੇ ਬਚਨ ਯਾਦ ਆ ਗਏ ਹੈਰਾਨ ਹੋਏ, ਸੋਚਣ ਲਗੇ ਕਿ ਇਹ ਤਾਂ ਸਚ ਮੁਚ ਗੁਰੂ ਗੋਬਿੰਦ ਸਿੰਘ ਜੀ ਦੀ ਜੋਤ ਹੈ ਅਤੇ ਗਿਆਨੀ ਗਿਆਨ ਸਿੰਘ ਜੀ ਦਾ ਲਿਖਿਆ

**ਮੇਰੋ ਅਵਤਾਰ ਅੰਸ ਰਾਮਸਿੰਘ** ਹੂੰ ਭਰੇ

ਬਿਲਕੁਲ ਠੀਕ ਹੈ । ਮਸਤਾਨੇ ਹੋ ਗਏ । ਜਦੋਂ ਹੋਸ਼ ਵਿਚ ਆਏ ਤਾਂ ਉਹ ਗ੍ਰੰਥ ਲਿਆ ਕੇ ਬੜੇ ਅਦਬ ਨਾਲ ਸਤਿਗੁਰੂ ਜੀ ਦੇ ਹਾਜ਼ਰ ਕਰ ਦਿੱਤਾ ਅਤੇ ਸਿਖੀ ਦੀ ਜਾਚਣਾ ਕੀਤੀ । ਸਰਦਾਰ ਤਾਂ ਪਹਿਲਾਂ ਹੀ ਸਨ ਹੁਣ ਸਿਖੀ ਵੀ ਮਿਲ ਗਈ ਸ਼ਰਧਾ ਵਧ ਗਈ ।

ਫਿਰ ਸਰਦਾਰਾਂ ਨੇ ਮਿਲਕੇ ਹੋਲੇ ਦਾ ਮੇਲਾ ਮਾਨਾਂਵਾਲੇ ਹੀ ਕਰਨ ਦੀ ਅਰਜ਼ ਕੀਤੀ । ਸਤਿਗੁਰ ਜੀ ਦੇ ਪਰਵਾਨਗੀ ਦਿੰਦਿਆਂ ਸਾਰ ਹੀ ਸਾਧ ਸੰਗਤ ਨੇ **ਜੋ ਬੋਲੇ ਸੋ ਨਿਹਾਲ.. ਸਤਿ ਸ੍ਰੀ ਅਕਾਲ** ਦਾ ਜੈਕਾਰਾ ਛੱਡ ਦਿੱਤਾ। ਸੰਗਤ ਵਿਚ ਐਲਾਨ ਕੀਤਾ ਗਿਆ ਕਿ ਸੰਮਤ ੧੯੨੫ (ਸੰਨ 1869) ਦੇ ਹੋਲੇ ਦਾ ਮੇਲਾ ਮਾਨਾਂਵਾਲੇ ਹੀ ਹੋਵੇਗਾ

ਹੋਲੇ ਮਹੱਲੇ ਦੀ ਤਾਰੀਕ ਆ ਗਈ ਸਾਰੀ ਤਿਆਰੀ ਹੋ ਗਈ । ਲੰਗਰ ਚਾਲੂ ਹੋ ਗਿਆ । ਬੜੀ ਸੰਗਤ ਆਈ । ਸਤਿਗੁਰੂ ਸੱਚੇ ਪਾਤਸ਼ਾਹ ਜੀ ਵੀ ਅਪਣੇ ਹਜ਼ੂਰੀ ਸੇਵਕਾਂ ਸੂਬਿਆਂ, ਜਥੇਦਾਰਾਂ, ਰਾਗੀਆਂ ਅਤੇ ਬੜੀ ਸੰਗਤ ਸਮੇਤ ਪਹੁੰਚ ਗਏ । ਹੋਰ ਵੀ ਕਈ ਕੀਰਤਨੀ ਜਥੇ ਕੀਰਤਨ ਕਰਦੇ ਮਾਨਾਂਵਾਲੇ ਪਹੁੰਚ ਗਏ । ਸੰਗਤ ਦੀ ਗਹਿਮਾ ਗਹਿਮ ਹੋ ਗਈ । ਕਈ ਸਰਕਾਰੀ ਹਾਕਮ ਵੀ ਪੋਲੀਸ ਸਹਿਤ ਪਹੁੰਚ ਗਏ ਸਨ

Sri Satguru Jagjit Singh Ji Elibrary NamdhariElibrary@gmail.com

ਇਥੇ ਇਕ ਭਾਰੀ ਜਲੂਸ ਕੱਢਿਆ ਗਿਆ ਸੀ, ਜਲੂਸ ਵਿਚ ਸ੍ਰੀ ਸਤਿਗੁਰੂ ਜੀ ਇਕ ਹਾਥੀ ਉਤੇ ਸੁਹਣੀ ਪਾਲਕੀ ਵਿਚ ਬੈਠੇ ਹੋਏ ਸਨ। ਸੂਬੇ ਅਪਣੇ ਅਪਣੇ ਘੋੜਿਆਂ ਤੇ ਸਵਾਰ ਸਨ ਅਤੇ ਬਾਕੀ ਸੰਗਤ ਪੈਦਲ ਜਾ ਰਹੀ ਸੀ ਕੀਰਤਨੀ ਜਥੇ ਸ਼ਬਦ ਪੜ੍ਹਦੇ ਜਾ ਰਹੇ ਸਨ। ਕਈ ਮਸਤਾਨੇ ਮਸਤੀ ਵਿਚ ਝੂਮਦੇ ਜਾ ਰਹੇ ਸਨ। ਸਾਰੇ ਜਲੂਸ ਦੀ ਸ਼ੋਭਾ ਅਨੂਪਮ ਸੀ। ਹੱਲੀ ਜਲੂਸ ਖਤਮ ਨਹੀ ਸੀ ਹੋਇਆ ਕਿ ਇਕ ਪਾਸਿਓਂ ਰੋਣ ਦੀ ਆਵਾਜ਼ ਸੁਣਾਈ ਦੇਣ ਲਗੀ। ਸੰਗਤ ਇਸ ਪਾਸੇ ਜਾਣ ਲਗੀ। ਪਤਾ ਲਗਾ ਕਿ ਇਕ ਗ਼ਰੀਬ ਧੁਮਿਆਰੀ ਦਾ ਇਕਲੌਤਾ ਲੜਕਾ ਸੂਬੇ ਗਿਆਨੀ ਸਿੰਘ ਜੀ ਦੇ ਘੋੜੇ ਹੇਠ ਆ ਕੇ ਰੁੜ੍ਹਾਈ ਗਿਆ ਹੈ। ਧੁਮਿਆਰੀ ਜ਼ਾਰ ਜ਼ਾਰ ਰੋ ਰਹੀ ਸੀ ਝੱਟ ਪੁਲੀਸ ਪਹੁੰਚ ਗਈ। ਪੁਲੀਸ ਨੇ ਬੜਾ ਜ਼ੋਰ ਲਾਇਆ ਕਿ ਧੁਮਿਆਰੀ ਸਤਿਗੁਰੂ ਜੀ ਦੇ ਖਿਲਾਫ਼ ਕੋਈ ਬਿਆਨ ਦੇਵੇ। ਪਰ ਆਫ਼ਰੀਨ ਇਸ ਮਾਈ ਦੇ ਕਿ ਭਾਵੇਂ ਇਕੋ ਇਕ ਪੁਤਰ ਸੀ ਅਤੇ ਉਹ ਸਾਮ੍ਹਣੇ ਮਰਿਆ ਪਇਆ ਸੀ ਅਤੇ ਪੁਲੀਸ ਦੇ ਜ਼ੋਰ ਲਾਉਣ ਤੇ ਵੀ ਇਹ ਬਿਆਨ ਦਿੱਤਾ ਕਿ ਉਹ (ਸਤਿਗੁਰੂ ਰਾਮ ਸਿੰਘ ਜੀ) ਤਾਂ ਅੱਲਾ ਦਾ ਪਿਆਰਾ ਹੈ, ਮੇਰੇ ਮੁੰਡੇ ਦੀ ਉਮਰ ਹੀ ਇੰਨੀ ਸੀ ਉਹ ਕਾਰਨ ਵਸ ਚੜ੍ਹਾਈ ਕਰ ਗਿਆ ਇਸੇ ਵਿਚ ਕਿਸੇ ਦਾ ਕੀ ਦੋਸ਼? ਇੰਨਾ ਕਹਿ ਕੇ ਬੱਚੇ ਦੇ ਮੋਹ ਕਰ ਕੇ ਰੋਣ ਲਗ ਪਈ

ਕੌਤਕ ਦੇ ਰਚਣਹਾਰ ਸਤਿਗੁਰ ਜੀ ਰੋਣਾ ਸੁਣ ਕੇ ਉਸ ਮਰਦੇ ਬੱਚੇ ਕੋਲ ਆਏ ਝੱਟ ਹਾਥੀ ਤੋਂ ਉਤਰ ਕੇ ਉਸ ਮਰਦੇ ਬੱਚੇ ਨੂੰ ਅਪਣੇ ਕਰ ਕਮਲਾਂ ਨਾਲ ਚੁੱਕ ਲਿਆ ਸੱਚੇ ਪਾਤਿਸ਼ਾਹ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਬੱਚਾ ਜਿੰਦਾ ਹੋ ਗਿਆ। ਇਹ ਕੌਤਕ ਵੇਖ ਕੇ ਸਾਰੀ ਸੰਗਤ ਕਹਿਣ ਲਗ ਪਈ **ਧੰਨ ਜੀਵਾਲਣਹਾਰ ਸਤਿਗੁਰੂ**

ਇਸ ਕੌਤਕ ਨੂੰ ਇਕ ਕਵੀ ਇਸ ਤਰਾਂ ਲਿਖਦਾ ਹੈ। ਇਹ ਕਵੀ ਬੱਚੇ ਨੂੰ ਚੁਕਣ ਦੀ ਥਾਂ ਚਰਣ ਲਾ ਕੇ ਜਿੰਦਾ ਕਰਨਾ ਮੰਨਦਾ ਹੈ

ਚਰਨ ਲਾਇ ਕੇ ਆਖਿਆ ਉਠ ਬੱਚਾ ਕਾਹਨੂੰ ਪਿਆ ਏਂ ਪੈਰ ਪਸਾਰ ਏਥੇ।
ਬੱਚਾ ਉਠ ਬੈਠਾ, ਲੋਕੀਂ ਸਰਨ ਡਿਗੇ, ਆਖਣ, ਆਇਆ ਏ ਆਪ ਕਰਤਾਰ ਏਥੇ।
ਜਾਂ ਫਿਰ ਗੁਰੂ ਨਾਨਕ ਜਾਮਾ ਪਲਟ ਆਇਆ ਜਾਂ ਮੁੜ ਲੀਆ ਦਸਮੇਸ਼ ਅਵਤਾਰ ਏਥੇ।
ਇਹ ਤੇ ਰੱਬ ਦੀ ਜੋਤ ਚਲ ਆਪ ਆਈ, ਅਰਸ਼ੋਂ ਆਇਆ ਏ ਆਪ ਨਿਰੰਕਾਰ ਏਥੇ।

ਇਕ ਹੋਰ ਕਵੀ ਲਿਖਦਾ ਕਿ

**ਪਸਰੀ ਮਹਿਮਾ ਚਾਰ ਚੱਕ ਸੱਚੇ ਸਤਿਗੁਰ ਦੀ ਵਡਿਆਈ**
**ਚੜ੍ਹਿਆ ਸੂਰਜ ਧਰਮ ਦਾ ਜੈ ਜੈਕਾਰ ਕਰੇ ਲੋਕਾਈ**

ਅਥਵਾ

**ਹੋ ਰਹੀ ਹੈ ਜੈ ਜੈਕਾਰ ਸਤਿਗੁਰੂ ਰਾਮ ਸਿੰਘ ਦੀ**
ਹੋ ਰਹੀ ਏ ਜੈ ਜੈ ਕਾਰ ਭੈਣੀ ਵਾਲੇ ਪਾਤਸ਼ਾਹ ਦੀ

ਇਕ ਕਵੀ ਜੀਤ ਜੀ ਦੀ ਕਵਿਤਾ ਵਿਚੋਂ ਕੁਝ ਕੁ ਸਤਰਾਂ ਇਸ ਤਰਾਂ ਹਨ

ਮਾਨਾ ਵਾਲੇ ਦੀ ਸੰਗਤ ਨੇ, ਕੀਤੀ ਤੁਰਤ ਤਿਆਰੀ ।
ਭੈਣੀ ਵਾਲੇ ਦੇ ਚਰਨਾਂ ਵਿਚ, ਆਕੇ ਅਰਜ਼ ਗੁਜ਼ਾਰੀ ।
ਹੇ ਸਤਿਗੁਰ, ਹੇ ਦੀਨਾ ਬੰਧੂ, ਹੇ ਦੁਖੀਆਂ ਦੇ ਵਾਲੀ ।
ਹੋਲਾ ਮਾਨਾ ਵਾਲੇ ਹੋਵੇ, ਸੰਗਤ ਆਖੇ ਸਾਰੀ ।
ਮੰਨ ਲਈ ਗੱਲ ਸਤਿਗੁਰ ਮੇਰੇ, ਖੁਸ਼ ਹੋਏ ਨਰ ਨਾਰੀ ।
ਆਣ ਇਲਾਕੇ ਧੁੰਮਾਂ ਪਈਆਂ, ਸਤਿਗੁਰੂ ਜੀ ਇਸ ਵਾਰੀ ।
ਪੈਰੀਂ ਪਉਏ, ਹਥੀਂ ਮਾਲਾਂ, ਸਿਰ ਸਿਧੀਆਂ ਦਸਤਾਰਾਂ ।
ਜਿਧਰੋਂ ਵੇਖੋ ਆਉਂਦੇ ਦਿਸਦੇ ਸਿੰਘ ਹੰਸਾਂ ਦੀਆਂ ਡਾਰਾਂ ।
ਕਿਨੇ ਢੋਲਕੀ ਗਲ ਵਿਚ ਪਾਈ, ਕਿਸੇ ਕੋਲ ਖੜਤਾਲਾਂ ।
ਧੁਰ ਕੀ ਬਾਣੀ ਪੜ੍ਹਦੇ ਆਉਂਦੇ ਬੰਨ੍ਹ ਬੰਨ੍ਹ ਸਿੰਘ ਕਤਾਰਾਂ ।
ਹਾਥੀ ਉਤੇ ਸਤਿਗੁਰ ਚੜ੍ਹ ਕੇ, ਸਭ ਨੂੰ ਦਰਸ ਦਿਖਾਇਆ ।
ਹੋਲੇ ਆਈ ਸਭ ਸੰਗਤ ਨੇ, ਰਜ ਰਜ ਦਰਸਨ ਪਾਇਆ ।
ਅਗੇ ਪਿਛੇ ਘੋੜ ਚੜ੍ਹੇ ਤੇ ਬਾਕੀ ਸੂਬੇ ਸਾਰੇ ।
ਗੁਰ ਦਰਸ਼ਨ ਤੋਂ ਸੌ ਸੌ ਵਾਰੀ ਜਾਣ ਸਦੱਕੜੇ ਵਾਰੇ ।
ਤੁਰਿਆ ਜਦੋਂ ਜਲੂਸ ਗੁਰਾਂ ਦਾ, ਵੱਜੇ ਢੋਲ ਨਗਾਰੇ ।
ਅੜੀਅਲ ਅੱਥਰੇ ਘੋੜੇ ਭੜਕੇ, ਮਾਰਨ ਪਏ ਫੁੰਕਾਰੇ ।
ਐਸਾ ਇੱਕ ਤਬਕਿਆ ਘੋੜਾ ਧੂੜ ਧਮੌਂਦਾ ਜਾਵੇ ।
ਬਹਿਉ ਬਹਿਉ, ਉਪਰ ਬੈਠਾ, ਸਿੰਘ ਦਏ ਲਲਕਾਰੇ ।
ਇਕ ਮਾਈ ਦਾ ਇਕੋ ਪੁੱਤਰ, ਨਿਕਲ ਘਰੋਂ ਉਹ ਆਇਆ
ਭੀੜ ਭੜੱਕੇ ਦੇ ਵਿਚ ਆ ਕੇ ਦਿਲ ਉਹਦਾ ਘਬਰਾਇਆ
ਏਨੇ ਨੂੰ ਉਸ ਘੋੜੇ ਐਸੀ, ਆਣ ਦੁਲੱਤੀ ਲਾਈ
ਮਾਈ ਦਾ ਇਹ ਇਕੋ ਬੱਚਾ, ਮਰਿਆ ਸੁਰਗ ਸਿਧਾਇਆ
ਹਾਹਾਕਾਰ ਮਚੀ ਮੇਲੇ ਵਿਚ, ਕੁਝ ਸੰਗਤਾਂ ਘਬਰਾਈ...
ਜਾ ਜਾ ਆਖਣ ਸਤਿਗੁਰੂ ਜੀ ਨੂੰ ਇਹ ਕੀ ਬਣਿਆ ਸਾਈਆਂ
ਏਨੇ ਚਿਰ ਨੂੰ ਉਹ ਦੁਖਿਆਰੀ, ਪੁੱਤ ਦੀ ਲੋਥ ਲਿਆਏ
ਭੈਣੀ ਵਾਲੇ ਅਗੇ ਆ ਕੇ, ਰੋ ਰੋ ਦਏ ਦੁਹਾਈਆਂ
ਸੁਣ ਸੁਣ ਉਸ ਮਾਈ ਦੇ ਵਿਰਲੇ ਸਤਿਗੁਰੂ ਜੀ ਮੁਸਕਰਾਏ ।
ਕਰੁਣਾ ਭਰੇ ਮਿਹਰ ਦੇ ਮਾਲਕ, ਉਤਰ ਹਾਥੀਓਂ ਆਏ ।
ਮੁਰਦਾ ਉਸ ਬਾਲਕ ਦੇ ਜਾ ਕੇ, ਸਿਰ ਨੂੰ ਚਰਨ ਛੁਹਾਇਆ ।
ਅੰਮ੍ਰਿਤ ਬਚਨ ਸਾਧ ਕੀ ਬਾਣੀ ਕੰਨਾਂ ਵਿਚ ਸੁਣਾਇਆ ।
ਫਿਰ ਕੀ ਸੀ ਬਸ ਉਸ ਬਾਲਕ ਨੇ, ਪਾਸਾ ਜਾ ਪਲਟਾਇਆ । ਜੈ ਜੈ ਕਾਰ ਹੋਈ ਚਹੁੰ ਪਾਸੀਂ, ਬਾਲਕ ਜੀਵਨ ਪਾਇਆ
ਬਿਜਲੀ ਵਾਂਗ ਖਬਰ ਇਹ ਸਾਰੇ, ਮੇਲੇ ਦੇ ਵਿਚ ਹੋਈ । ਸਤਿਗੁਰੂ ਰਾਮ ਸਿੰਘ ਨੇ, ਮੁਰਦੇ ਬਾਲਕ ਤਾਂਈ ਜੀਵਾ

(ਸੁਰਦਾ)

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

# ਇੰਤਜ਼ਾਰ ਤੇਰੀ

ਪਤਾ ਹੋਂਵਦਾ ਜੇ ਤੂੰ ਛਡ ਜਾਣਾ, ਤੇਰੇ ਨਾਲ ਪ੍ਰੀਤ ਲਗਾਂਵਦੀ ਨਾ
ਗਇਓਂ ਵਿਚ ਪ੍ਰਦੇਸ ਤੂੰ ਛਡ ਮੈਨੂੰ, ਤੇਲ ਪਾ ਪਿਆਰ ਦੀਵਾ ਬਾਲਦੀ ਨਾ
ਅਗਰ ਪਿਆਰ ਤੇਰੇ ਨੂੰ ਜਾਣਦੀ ਮੈਂ, ਬੈਠ ਬਾਗੀਆਂ ਔਂਸੀਆਂ ਪਾਂਵਦੀ ਨਾ
ਘੁਮਨ ਘੇਰੀਆਂ ਵਿਚ ਜੇ ਤੂੰ ਸੁਟਣਾ ਸੀ, ਡੋਰ ਪ੍ਰੇਮ ਦੀ ਨਾਲ ਤੇਰੇ ਪਾਂਵਦੀ ਨਾ
ਕਰ ਤਰਸ ਤੇ ਦਰਸ ਵਿਖਾ ਛੇਤੀ, ਗਲ ਪਲੜਾ ਮੰਨ ਲੈ ਅਰਜ ਮੇਰੀ
ਰੋਮ ਰੋਮ ਵਿਚ ਵਸਦਾ ਪਿਆਰ ਤੇਰਾ, ਬੈਠੀ ਵਿਚ ਹਾਂ ਮੈਂ ਇੰਤਜਾਰ ਤੇਰੀ

ਸੰਤ ਜਗਜੀਤ ਸਿੰਘ ਜੀ ਆਜ਼ਾਦ

# ਅਪਣਾ ਬਿਰਦ ਪੁਗਾਵੇ

ਉਡ ਕਾਵਾਂ, ਵੇ ਤੇਰੀਆਂ ਲੰਮੀਆਂ ਛਾਵਾਂ, ਇਕ ਉਡਾਰੀ ਲਾਈਂ
ਜਿਥੈ ਬੈਠਾ ਹੋਇ ਪ੍ਰੀਤਮ ਮੇਰਾ ਸਾਡੀ ਜਾਂ ਆਦੇਸ ਸੁਣਾਈਂ
ਆਖੀਂ ਨ ਅਜਮਾਵੇ ਸਾਨੂੰ, ਚਰਨੀਂ ਆਪਣੇ ਲਾਵੇ
ਕੀਤੇ ਕਰਮ ਨ ਚਿਤ ਵਿਚ ਰਖੇ, ਅਪਣਾ ਬਿਰਦ ਪੁਗਾਵੇ

ਸ੍ਰੀ ਸੰਤ ਰਾਮ ਜੀ ਉਦਾਸੀ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

श्री सद्गुरू जगजीत सिंह जी महाराज

His Holiness Satguru Jagjit Singh Ji

Sri Satguru Jagjit Singh Ji Elibrary NamdhariElibrary@gmail.com